# ਰੇਡੀਓ ਲਵੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 44 "ਵਧਦਾ ਤਾਪਮਾਨ ਅਤੇ ਬੇਚੈਨ ਜੰਗਲ"

## Increasing Temperatures and Restless Forests

ਮੁੱਖ ਖੋਜ ਤੇ ਲੇਖਣ: ਸ਼੍ਰੀਨਿਵਾਸ ਓਲੀ

ਪੰਜਾਬੀ ਰੁਪਾਂਤਰ ਤੇ ਖੋਜ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

In today's episode we shall discuss the impact of increase in global temperatures on forests due to the changes occurring as a result of Global Warming and the climate change. Much like the glaciers and the seas, forests too are facing the brunt of climate change. Global warming is changing the plants and vegetation. Due to long summers, insects are increasing, humidity of earth is decreasing, rain pattern is changing, small winters are not sufficient for the buds and leaves of plants to grow properly. Forest fires are increasing. Recent forest fire of California has been cited. Plants and herbivores are migrating due to which the carnivores are feeling food insufficiency. Decreasing forests are snatching habitat of wild animals and they are venturing out towards human habitat. If the sinks of green house gases like carbon dioxide the forests are wiped out, ecological balance shall be tilted, life on this planet shall be finished. If still we do not take steps to curb the menace, it shall be too late. So...what exactly is happening in our forests... let's listen in the conversation between Brother Tree and Gauri Bird through a dream of a college going girl.

ਅੱਜ ਦੀ ਇਸ ਕੜੀ ਵਿੱਚ ਗਲੋਬਲ ਵਾਰਮਿੰਗ ਅਤੇ ਉਸ ਨਾਲ ਜੁੜੇ ਵਾਤਾਵਰਨ ਪਰਿਵਰਤਨ ਤੋਂ ਹੋਣ ਵਾਲੇ ਨਤੀਜਿਆਂ ਵਜੋਂ ਅਸੀਂ ਗੱਲ ਕਰਾਂਗੇ ਗਰਮ ਹੁੰਦੀ ਧਰਤੀ ਨਾਲ ਜੰਗਲਾਂ 'ਤੇ ਪੈ ਰਹੇ ਅਸਰ ਦੀ। ਗਲੇਸ਼ੀਅਰਾਂ ਅਤੇ ਸਮੁੰਦਰਾਂ ਦੇ ਵਾਂਗ ਹੀ ਜੰਗਲ ਵੀ ਧਰਤੀ ਦੇ ਵਧਦੇ ਤਾਪਮਾਨ ਤੋਂ ਹੈਰਾਨ ਵੀ ਹਨ ਅਤੇ ਪ੍ਰੇਸ਼ਾਨ ਵੀ। ਵਧਦੀ ਗਰਮੀ ਕਾਰਨ ਬਨਸਪਤੀ ਬਦਲ ਰਹੀ ਹੈ, ਗਰਮੀਆਂ ਲੰਬੀਆਂ ਹੋਣ ਕਾਰਨ ਕੀੜੇ ਮਕੌੜੇ ਵਧ ਰਹੇ ਹਨ! ਧਰਤੀ ਦੀ ਨਮੀ ਘਟ ਰਹੀ ਹੈ, ਮੀਂਹ ਦਾ ਮਿਜਾਜ਼ ਬਦਲ ਰਿਹਾ ਹੈ, ਸਰਦੀਆਂ ਛੋਟੀਆਂ ਹੋਣ ਕਾਰਨ ਕਈ ਬਨਸਪਤੀਆਂ ਦੇ ਫੁੱਲ

ਪੱਤੇ ਪਣਪ ਨਹੀਂ ਪਾ ਰਹੇ! ਇਸ ਨਾਲ ਜੰਗਲਾਂ ਵਿੱਚ ਅੱਗ ਲੱਗ ਰਹੀ ਹੈ, ਕੈਲੇਫੋਰਨੀਆਂ ਦੇ ਜੰਗਲਾਂ ਦੀ ਤਾਜ਼ਾ ਅੱਗ ਬਾਬਤ ਚਰਚਾ ਹੈ। ਪੇੜ ਪੌਦੇ ਆਪਣਾ ਸਥਾਨ ਬਦਲ ਰਹੇ ਹਨ, ਸ਼ਾਕਾਹਾਰੀ ਜੀਵ ਵੀ ਸਥਾਨ ਬਦਲ ਰਹੇ ਹਨ ਅਤੇ ਮਾਸਾਹਾਰੀਆਂ ਦਾ ਭੋਜਨ ਘਟ ਰਿਹਾ ਹੈ। ਜੰਗਲਾਂ ਦੇ ਸੁੰਗੜਣ ਕਰਕੇ ਉਨ੍ਹਾਂ ਦੇ ਰੈਣ ਬਸੇਰੇ ਖਤਮ ਹੋ ਰਹੇ ਹਨ। ਉਹ ਮਨੁੱਖੀ ਬਸਤੀਆਂ ਵੱਲ਼ ਪਾ ਰਹੇ ਨੇ ਚਾਲੇ। ਕਾਰਬਨ ਡਾਈ ਅਕਸਾਈਡ ਵਰਗੀਆਂ ਹਰਿਤ ਘਰ ਪ੍ਰਭਾਵ ਗੈਸਾਂ ਦੇ ਜਜ਼ਬ ਕਰਨ ਵਾਲੇ ਜੰਗਲ ਜੇ ਖਤਮ ਹੋ ਗਏ ਤਾਂ ਪ੍ਰਸਿਥਿਤਿਕ ਤੰਤਰ ਵਿਗੜ ਜਾਵੇਗਾ, ਧਰਤੀ ‘ਤੇ ਜੀਵਣ ਖਤਮ ਹੋ ਜਾਵੇਗਾ! ਜੇ ਅਜੇ ਵੀ ਨਾ ਸੰਭਲੇ ਤਾਂ ਬਹੁਤ ਦੇਰ ਹੋ ਜਾਵੇਗੀ! ਪੇਸ਼ ਕੀਤਾ ਹੈ ਇੱਕ ਕਾਲਜ ਵਿੱਚ ਪੜ੍ਹਦੀ ਵਿਦਿਆਰਥਣ ਦੇ ਸੁਪਨੇ ਰਾਹੀਂ! ਕੀ ਕੁਝ ਹੋ ਰਿਹਾ ਹੈ ਜੰਗਲਾਂ ‘ਚ..... ਜਾਣਨ ਦੇ ਲਈ ਚੱਲਦੇ ਹਾਂ ਇਕ ਜੰਗਲ ‘ਚ ਅਤੇ ਸੁਣਦੇ ਹਾਂ ਰੁੱਖ ਦਾਦਾ ਅਤੇ ਗੌਰੀ ਚਿੜੀ ਦੀ ਗੱਲਬਾਤ।

ਪਾਤਰ

ਔਰਤ ਸੂਤਰਧਾਰ

ਮਰਦ ਸੂਤਰਧਾਰ

ਰੁੱਖ ਦਾਦਾ : ਪੁਰਸ਼ ਸੁਰ (ਬਜ਼ੁਰਗ/ਭਾਰੀ ਅਵਾਜ਼)

ਗੌਰੀ ਚਿੜੀ : ਔਰਤ ਸੁਰ

ਡਾ. ਹਰਜਿੰਦਰ : 40-45 ਸਾਲ/ਪੁਰਸ਼

ਰਮਾ : ਬੀ.ਐੱਸਸੀ. ਦੀ ਵਿਦਿਆਰਥਣ

ਤੇਂਦੂਆ (**Leopard**): ਪੁਰਸ਼ ਸੁਰ/ਰੋਅਬਦਾਰ ਅਵਾਜ਼

ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

ਸੰਗੀਤ......

ਐਲਾਨ : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਜਲਵਾਯੂ ਬਦਲਾਅ ਦੀ ਵਿਗਿਆਨ ਦੇ ਲੜੀਵਾਰ “ਕਿਉਂ ਬਦਲ ਰਹੀ ਹੈਂ ਫਿਜ਼ਾਏਂ” ਦੀ ਚੁਤਾਲੀਵੀਂ ਕੜੀ “ਵਧਦਾ ਤਾਪਮਾਨ ਅਤੇ ਬੇਚੈਨ ਜੰਗਲ”!

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)

ਔਰਤ ਸੂਤਰਧਾਰ : ਹਾਂ ਜੀ।ਪਿਆਰੇ ਸ੍ਰੋਤਿਓ! ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ “ਜਲਵਾਯੂ ਬਦਲਾਅ ਦੀ ਵਿਗਿਆਨ” ਦੇ ਲੜੀਵਾਰ “ਕਿਉਂ ਬਦਲ ਰਹੀ ਹੈਂ ਫਿਜ਼ਾਏਂ” ਦੀ ਚੁਤਾਲੀਵੀਂ ਕੜੀ ਵਿੱਚ।

ਮਰਦ ਸੂਤਰਧਾਰ : ਹਾਂ! ਇਸ ਲੜੀਵਾਰ “ਕਿਉਂ ਬਦਲ ਰਹੀ ਹੈਂ ਫਿਜ਼ਾਏਂ” ਦੀ ਪਿਛਲੀ ਕੜੀ, “ਆਉਣ ਵਾਲੀਆਂ ਮੁਸੀਬਤਾਂ ਅਤੇ ਅਧੂਰੀਆਂ ਤਿਆਰੀਆਂ” ਵਿੱਚ ਸੁਣਾਈ ਸੀ ਅਸੀਂ ਕਹਾਣੀ ਕਿ

ਕਿਵੇਂ ਜਲਵਾਯੂ ਬਦਲਾਅ ਪੈਦਾ ਕਰਦਾ ਹੈ ਨੁਕਸਾਨਦਾਇਕ ਪ੍ਰਭਾਵ; ਕੀ ਹਨ ਤਿਆਰੀਆਂ ਉਨ੍ਹਾਂ ਦਾ ਮੁਕਾਬਲਾ ਕਰਨ ਵਾਸਤੇ!

**ਔਰਤ ਸੂਤਰਧਾਰ** : ਹਾਂ ਜੀ! ਹੋਈ ਸੀ ਚਰਚਾ ਕਿ ਜਲਵਾਯੂ ਬਦਲਾਅ ਦੇ ਕਾਰਨ ਕਿਵੇਂ ਮੁੜ ਸਿਰ ਚੁੱਕ ਰਹੀਆਂ ਨੇ ਪਹਿਲਾਂ ਖਤਮ ਹੋ ਚੁੱਕੀਆਂ ਭਿਆਨਕ ਬੀਮਾਰੀਆਂ!

**ਮਰਦ ਸੂਤਰਧਾਰ** : ਦੋ ਡਾਕਟਰਾਂ ਦੇ ਆਪਸੀ ਵਾਰਤਾਲਾਪ ਅਤੇ ਤਰਕ ਵਿਤਰਕ ਤੋਂ ਬਾਅਦ ਪਤਾ ਚੱਲਿਆ ਸੀ ਕਿ ਐਂਥਰੈਕਸ ਵਰਗੀ ਭਿਆਨਕ ਬਿਮਾਰੀ ਮੁੜ ਸੁਰੂ ਹੋ ਗਈ ਹੈ!

**ਔਰਤ** ਸੂਤਰਧਾਰ: ਗੱਲ ਹੋਈ ਸੀ ਕਿ ਕਿਵੇਂ ਬਰਫ ਦੇ ਪਿਘਲਣ ਨਾਲ ਨਿੱਕਲੇ ਰੇਂਡੀਅਰ ਦੇ ਕਰੰਗ ਵਿੱਚੋਂ ਜਾਗ ਪਏ ਨੂੰ ਐਂਥਰੈਕਸ ਦੇ ਕਿਟਾਣੂ! ਸੁਣਾਈ ਸੀ ਕਹਾਣੀ ਇਸ ਦੇ ਪਿੱਛੇ ਕੰਮ ਕਰਦੇ ਵਿਗਿਆਨਿਕ ਨਿਯਮ ਦੀ ਵੀ!

ਮਰਦ ਸੂਤਰਧਾਰ : ਗੱਲ ਕੀਤੀ ਸੀ ਕਿ ਕਿਵੇਂ ਇੱਕ ਹਸਪਤਾਲ ਵਿੱਚ ਇੱਕੋ ਰਾਤ ਨੂੰ 40 ਮਰੀਜ ਆਏ ਜਿਨ੍ਹਾਂ ਨੂੰ ਦਸਤ, ਟੱਟੀ ਵਿੱਚ ਖੂਨ ਅਤੇ ਸਰੀਰ ‘ਤੇ ਧੱਬੇ ਜਿਹੇ ਬਣਨ ਦੀਆਂ ਅਲਾਮਤਾਂ ਸਨ!

ਔਰਤ ਸੂਤਰਧਾਰ : ਸੁਣੇ ਸਨ ਅਸੀਂ ਉਹ ਨੁਕਤੇ ਵੀ ਕਿ ਕਿਵੇਂ ਡਾਕਟਰਾਂ ਨੇ ਜਾਂਚ ਕਰਕੇ ਚਰਚਾ ਰਾਹੀਂ ਇਹ ਪਾਇਆ ਕਿ ਇਹ ਸਾਰੇ ਮਰੀਜ ਕਿਸੇ ਭੋਜਨ ਦੇ ਜਹਿਰਬਾ ਦੇ ਨਹੀਂ ਸਨ! ਸਗੋਂ ਸੰਭਾਵਤ ਤੌਰ ‘ਤੇ ਇਹ ਨਿਸ਼ਾਨੀਆਂ ਐਂਥਰੈਕਸ ਵਰਗੀਆਂ ਸਨ!

ਮਰਦ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਕਿਵੇਂ ਟੈਸਟਾਂ ਤੋਂ ਬਾਅਦ ਇਹ ਬਿਮਾਰੀ ਐਂਥਰੈਕਸ ਜੋ ਕਰੀਬ ਅੱਧੀ ਸਦੀ ਪਹਿਲਾਂ ਖਤਮ ਹੋ ਚੁੱਕੀ ਸੀ ਮੁੜ ਆ ਗਈ ਸੀ!

ਔਰਤ ਸੂਤਰਧਾਰ : ਗੱਲ ਤਾਂ ਇਹ ਵੀ ਹੋਈ ਸੀ ਕਿ ਕਿਵੇਂ ਮਰੀਜ ਦੇ ਨਾਲ ਆਏ ਨੇ ਦੱਸਿਆ ਸੀ ਕਿ ਉਸ ਇਲਾਕੇ ਦੇ ਰੇਂਡੀਅਰ ਤੇਜ਼ੀ ਨਾਲ ਮਰ ਰਹੇ ਹਨ, ਜਿਸ ਤੋਂ ਡਾਕਟਰਾਂ ਨੇ ਸਿੱਟਾ ਕੱਢਿਆ ਸੀ ਕਿ ਇਹ ਐਂਥਰੈਕਸ ਹੋ ਸਕਦਾ ਹੈ ਅਤੇ ਲੈਬੋਰੇਟਰੀ ਟੈਸਟ ਕਰਵਾਉਣ ‘ਤੇ ਇਸਦੀ ਪੁਸ਼ਟੀ ਹੋ ਗਈ ਸੀ!

ਮਰਦ ਸੂਤਰਧਾਰ: ਹੋਈ ਸੀ ਚਰਚਾ ਕਿ ਕਿਵੇਂ ਇਸ ਬਾਬਤ ਡਾਕਟਰਾਂ ਨੇ ਪ੍ਰਸ਼ਾਸ਼ਨ ਨੂੰ ਅਗਾਹ ਕੀਤਾ ਸੀ ਅਤੇ ਮਹਾਮਾਰੀ ਦੇ ਫੈਲਣ ਦਾ ਖਤਰਾ ਦੱਸਦੇ ਹੋਏ ਮ੍ਰਿਤਕ ਰੇਂਡੀਅਰਾਂ ਨੂੰ ਸੁਰੱਖਿਅਤ ਤਰੀਕੇ ਨਾਲ ਨਿਪਟਾਰਾ ਕਰਨ ਦਾ ਪ੍ਰਬੰਧ ਕਰਨ ਵਾਸਤੇ ਕਿਹਾ ਸੀ!

ਔਰਤ ਸੂਤਰਧਾਰ : ਸੁਣਾਈ ਸੀ ਕਹਾਣੀ ਤੇ ਕੀਤਾ ਸੀ ਸਪਸ਼ਟ ਇਹ ਵੀ ਕਿ ਇਸ ਮਹਾਮਾਰੀ ਕਾਰਨ ਸਥਾਨਕ ਪ੍ਰਸ਼ਾਸ਼ਨ ਵੱਲੋਂ ਸੂਬੇ ਦੇ ਗਵਰਨਰ ਕੋਲੋਂ ਆਪਾਤ ਕਾਲ ਦਾ ਐਲਾਨ ਕਰਵਾਉਣਾ ਪਿਆ ਸੀ!

ਮਰਦ ਸੂਤਰਧਾਰ: ਸੁਣ ਲਿਆ ਸੀ ਤੁਸੀਂ ਇਹ ਤੱਥ ਵੀ ਕਿ ਕਿਵੇਂ ਐਂਥਰੈਕਸ ਨਾਲ ਮਰੇ ਰੇਂਡੀਅਰ ਦਾ ਸਰੀਰ ਖੁੱਲ੍ਹੇ ਵਿਚ ਆ ਗਿਆ। ਰੇਂਡੀਅਰ ਦੇ ਸਰੀਰ ਵਿਚ ਬੇਹਰਕਤ ਪਏ ਐਂਥਰੈਕਸ ਦੇ ਜੀਵਾਣੂ 75 ਸਾਲਾਂ ਬਾਅਦ ਫਿਰ ਕਿਰਿਆਸ਼ੀਲ ਹੋ ਕੇ ਹਵਾ ਨਾਲ ਆਸੇ ਪਾਸੇ ਫੈਲ ਗਏ ਅਤੇ ਘੜੀਆਂ ਪਲਾਂ ਵਿੱਚ ਹੀ ਪੂਰਾ ਇਲਾਕਾ ਐਂਥਰੈਕਸ ਦੀ ਲਪੇਟ ਵਿਚ ਆ ਗਿਆ।

ਔਰਤ ਸੂਤਰਧਾਰ : ਸੁਣਾਈ ਸੀ ਕਹਾਣੀ ਕਿ ਸੰਸਾਰ ਵਿੱਚ ਆਲਮੀ ਤਪਸ਼ ਪੈਦਾ ਕਰਨ ਵਾਲੇ ਦੇਸ਼ ਨੇ ਅਮਰੀਕਾ ਵਰਗੇ ਅਮੀਰ ਮੁਲਕ ਪਰ ਨੁਕਸਾਨ ਝਲਦੇ ਨੇ ਗਰੀਬ ਦੇਸ਼!

ਮਰਦ ਸੂਤਰਧਾਰ : ਸੁਣ ਲਿਆ ਸੀ ਅਸੀਂ ਇਹ ਵੀ ਕਿ ਕਿਵੇਂ ਲੋੜ ਹੈ ਸਾਨੂੰ ਗਲੋਬਲ ਵਾਰਮਿੰਗ ਦੀ ਹਕੀਕਤ ਅਤੇ ਇਸ ਦੇ ਨਾ-ਨਾ ਪ੍ਰਕਾਰ ਦੇ ਪ੍ਰਭਾਵਾਂ ਨੂੰ ਸਮਝ ਕੇ ਅਗਾਊਂ ਤਿਆਰੀਆਂ ਕਰਨ ਦੀ!

ਔਰਤ ਸੂਤਰਾਧਾਰ : ਹੋਈ ਸੀ ਗੱਲ ਕਿ ਕਿਵੇਂ ਇਸ ਆਲਮੀ ਤਪਸ਼ ਕਾਰਨ ਬਦਲਦੇ ਜਾਲਵਾਯੂ ਦੇ ਜ਼ਰੀਏ, ਨਵੇਂ ਪਣਪਦੇ ਅਤੇ ਪੁਨਰ ਸੁਰਜੀਤ ਹੋ ਰਹੇ ਰੋਗਾਂ ਬਾਬਤ ਖੋਜ, ਦਵਾਈਆਂ ਅਤੇ ਸਾਜੋ ਸਾਮਾਨ ਤਿਆਰ ਕਰਨ ਦੀ ਲੋੜ ਹੈ!

ਮਰਦ ਸੂਤਰਧਾਰ : ਦੋਸਤੋ ਰੇਡੀਓ ਲੜੀਵਾਰ ਦੀ ਇਸ ਕੜੀ ਵਿੱਚ ਅੱਜ ਅਸੀਂ ਬਿਆਨ ਕਰਾਂਗੇ ਕਹਾਣੀ - ਜਲਵਾਯੂ ਬਦਲਾਅ ਕਾਰਨ ਸਾਡੇ ਜੰਗਲਾਂ 'ਤੇ ਪੈਣ ਵਾਲੇ ਪ੍ਰਭਾਵਾਂ ਦੀ!

ਔਰਤ ਸੂਤਰਾਧਾਰ : ਲਓ ਸੁਣੋ ਇਸ ਨਵੇਂ ਲੜੀਵਾਰ 'ਕਿਉਂ ਬਦਲ ਰਹੀ ਹੈਂ ਫਿਜ਼ਾਏਂ' ਦੀ ਚੁਤਾਲੀਵੀਂ ਕੜੀ "ਵਧਦਾ ਤਾਪਮਾਨ **ਅਤੇ ਬੇਚੈਨ ਜੰਗਲ**"! ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

......ਲੜੀਵਾਰ ਦੀ ਧੁਨ......

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਪਹਿਲਾ**......

**(ਦ੍ਰਿਸ਼ ਬਦਲਾਅ ਸੰਗੀਤ .............................ਮੱਧਮ ਪੈਂਦਾ ਹੈ)**

**(ਜੰਗਲ ਦਾ ਦ੍ਰਿਸ਼/ਤੇਜ਼ ਹਵਾ ਦੀ ਰੁੱਖਾਂ ਤੋਂ ਲੰਘਣ ਦੀ ਅਵਾਜ਼/ਸੁੱਕੇ ਪੱਤਿਆਂ ਦੀ ਅਵਾਜ਼ ਚਿੜੀ ਦੇ ਚਹਿਕਣ ਦੀ ਅਵਾਜ਼/ਹੌਲੀ-ਹੌਲੀ ਨੇੜੇ ਆਉਂਦੀ ਹੋਈ)**

ਰੁੱਖ ਦਾਦਾ : ਗੌਰੀ! ਅੱਜ ਸਵੇਰੇ-ਸਵੇਰੇ ਕਿੱਥੇ ਚੱਲੀ ਗਈ ਸੀ? ਕਿੱਥੋਂ ਆ ਰਹੀ ਹੈਂ?

ਗੌਰੀ : ਕਿਤੇ ਨਹੀਂ ਦਾਦਾ! ਬਸ! ਐਵੇਂ ਹੀ ਨੇੜੇ ਉਡਾਰੀ ਮਾਰ ਰਹੀ ਸੀ।

ਰੁੱਖ ਦਾਦਾ : ਤੁਹਾਡੇ ਚਿੜੀਆਂ ਦੇ ਤਾਂ ਮਜ਼ੇ ਹਨ...।ਜਦੋਂ ਦਿਲ ਕੀਤਾ.. ਖੰਭ ਫੜਫੜਾਏ ਅਤੇ ਉੱਡ ਕੇ ਚਲੀਆਂ ਗਈਆਂ।

ਗੌਰੀ : ਦਾਦਾ! ਉੱਡਣ 'ਚ ਭਲਾ ਕਿਵੇਂ ਮਜ਼ਾ? ਕੁਝ ਹੀ ਦੂਰ ਗਈ ਸੀ ਕਿ ਮੌਸਮ ਖਰਾਬ ਹੋਣ ਲੱਗਿਆ ਤੇ ਵਾਪਸ ਮੁੜਨਾ ਪਿਆ!

ਰੁੱਖ ਦਾਦਾ : ਅੱਜ ਫਿਰ ਤੇਜ਼ ਹਵਾ ਚੱਲਣ ਲੱਗੀ ਹੈ। ਹੁਣ ਤਾਂ ਮੌਸਮ ਦਾ ਕੁਝ ਵੀ ਭਰੋਸਾ ਨਹੀਂ ਰਿਹਾ। ਨਾ ਠੀਕ ਸਮੇਂ 'ਤੇ ਧੁੱਪ ਅਤੇ ਨਾ ਠੀਕ ਸਮੇਂ 'ਤੇ ਮੀਂਹ।

ਗੌਰੀ : ਹਾਂ ਦਾਦਾ! ਮੈਂ ਤਾਂ ਡਰ ਰਹੀ ਸੀ ਕਿ ਕਿਤੇ ਮੇਰਾ ਆਲ੍ਹਣਾ ਵੀ ਉੱਡ ਨਾ ਗਿਆ ਹੋਵੇ। ਬੱਚੇ ਵੀ ਛੋਟੇ ਹਨ! (ਚਿੜੀ ਦੇ ਚੂਚਿਆਂ ਦੀ ਅਵਾਜ਼) ਵੈਸੇ ਵੀ ਬਹੁਤ ਮਿਹਨਤ ਲੱਗਦੀ ਹੈ ਇਕ-ਇਕ ਤਿਣਕਾ ਚੁਗਣ 'ਚ।

ਰੁੱਖ ਦਾਦਾ : ਹਾਂ, ਹਵਾ ਹੈ ਤਾਂ ਬਹੁਤ ਤੇਜ਼... ਪਰ ਮੇਰੀਆਂ ਟਾਹਣੀਆਂ ‘ਚ ਅੱਜ ਵੀ ਐਨੀ ਤਾਕਤ ਹੈ ਕਿ ਉਹ ਤੇਰੇ ਆਲ੍ਹਣੇ ਦੀ ਰਾਖੀ ਕਰ ਸਕਣ। (ਹੱਸੀ) ਕਿਉਂ ਠੀਕ ਕਿਹਾ ਨਾ ਮੈਂ?

ਗੌਰੀ : ਦਾਦਾ, ਤੁਹਾਡੀ ਤਾਕਤ ਦਾ ਅੰਦਾਜ਼ਾ ਕਿਸੇ ਹੋਰ ਨੂੰ ਹੋਵੇ ਜਾਂ ਨਾ ਹੋਵੇ ..... ਮੈਨੂੰ ਤਾਂ ਹੈ। ਮੈਂ ਜਾਣਦੀ ਹਾਂ ਕਿ ਇਸ ਧਰਤੀ ‘ਤੇ ਹਰ ਜੀਅ ਦੇ ਲਈ ਤੁਹਾਡੀ ਕਿੰਨੀ ਮਹੱਤਵਪੂਰਨ ਭੂਮਿਕਾ ਹੈ (ਇਠਲਾਉਂਦੇ ਸੁਰ ‘ਚ) ਮੈਂ ਤਾਂ ਆਪਣੀ ਗੱਲ ਜਾਣਦੀ ਹਾਂ..। ਦੂਜਿਆਂ ਤੋਂ ਮੈਨੂੰ ਕੋਈ ਮਤਲਬ ਨਹੀਂ?

ਰੁੱਖ ਦਾਦਾ : ਗੌਰੀ, ਮੈਨੂੰ ਪਤਾ ਹੈ ਤੇਰੇ ਬਾਰੇ ਤਾਂ! ਪਰ ਅਫਸੋਸ! ਮਨੁੱਖਾਂ ਨੂੰ ਇਹ ਗੱਲ ਪਤਾ ਨਹੀਂ ਕਦੋਂ ਸਮਝ ਆਏਗੀ। (ਨਿਰਾਸ਼ ਸੁਰ ‘ਚ) ਸ਼ਾਇਦ ਸਭ ਕੁਝ ਗਵਾਉਣ ਦੇ ਬਾਅਦ ਹੀ ਉਨ੍ਹਾਂ ਨੂੰ ਕੁਝ ਹੋਸ਼ ਆਏਗੀ।

ਗੌਰੀ : ਮਨੁੱਖਾਂ ਦੀ ਗੱਲ ਤਾਂ ਤੁਸੀਂ ਨਾ ਹੀ ਕਰੋ। (ਹਲਕੇ ਗੁੱਸੇ ‘ਚ) ਪਤਾ ਨਹੀਂ ਉਨ੍ਹਾਂ ਦੀ ਅਕਲ ਕਿੱਥੇ ਚਲੀ ਗਈ! ਜਿਸ ਟਾਹਣੀ ‘ਤੇ ਬੈਠੇ ਹਨ ਉਸੇ ਨੂੰ ਹੀ ਕੱਟਣ ‘ਚ ਲੱਗੇ ਹਨ (ਵਿਅੰਗਆਤਮਕ) ਤੇ ਆਖਣਗੇ ਕਿ ਇਸ ਧਰਤੀ ‘ਤੇ ਅਸੀਂ ਹੀ ਸਭ ਤੋਂ ਜ਼ਿਆਦਾ ਅਕਲਮੰਦ ਹਾਂ। ਦਰਅਸਲ ਅਕਲ ਤਾਂ ਹੈ ਨਹੀਂ..।

ਰੁੱਖ ਦਾਦਾ : ਤੂੰ ਤਾਂ ਗੁੱਸਾ ਕਰ ਰਹੀ ਹੈਂ ਗੌਰੀ। ਜਦੋਂ ਪਾਣੀ ਸਿਰ ਤੋਂ ਲੰਘਣ ਲੱਗੂ ਤਾਂ ਸ਼ਾਇਦ ਅਕਲ ਵੀ ਠਿਕਾਣੇ ਆ ਜਾਵੇ (ਰੁੱਖ ‘ਤੇ ਕੁਹਾੜੀ ਚੱਲਣ ਦੀ ਅਵਾਜ਼/ਕੁਝ ਦੂਰੀ ਤੋਂ ਆਉਂਦੀ ਹੋਈ)।

ਗੌਰੀ : ਵੇਖੋ-ਵੇਖੋ ਦਾਦਾ! ਉਹ ਫਿਰ ਆ ਗਏ। ਮੈਂ ਕਿਹਾ ਸੀ ਨਾ? ਵੇਖ ਲਉ ਇਨ੍ਹਾਂ ਦੀ ਅੰਕਲਮੰਦੀ। ਵੈਸੇ ਹੀ ਪੂਰੇ ਜੰਗਲ ਤਬਾਹ ਹੋ ਰਹੇ ਨੇ। ਹੁਣ ਇਹ ਬਚੇ-ਖੁਚੇ ਰੁੱਖਾਂ ਨੂੰ ਵੀ ਨਹੀਂ ਬਖ਼ਸ਼ ਰਹੇ। (ਕੁਹਾੜੀ ਚੱਲਣ ਦੀ ਅਵਾਜ਼ ਪਿੱਠ-ਭੂਮੀ ‘ਚ ਲਗਾਤਾਰ ਸੁਣਾਈ ਦਿੰਦੀ ਹੈ)

ਰੁੱਖ ਦਾਦਾ : ਉਹ ਤਾਂ ਭਲਾ ਹੋਵੇ ਮੇਰੀ ਬੁੱਢੀ ਉਮਰ ਦਾ..। ਇਹ ਟੁੱਟੀਆਂ-ਭੱਜੀਆਂ ਬੇਡੋਲ ਟਾਹਣੀਆਂ ਇਨ੍ਹਾਂ ਦੇ ਕਿਸੇ ਕੰਮ ਦੀਆਂ ਨਹੀ.. ਨਹੀਂ ਤਾਂ ਇਹ ਮੈਨੂੰ ਵੀ ਕਦੋਂ ਦਾ ਕੱਟ ਕੇ..। (ਗੌਰੀ ਵਿਚਕਾਰ ਹੀ ਗੱਲ ਕੱਟ ਕੇ ਬੋਲਦੀ ਹੈ)

ਗੌਰੀ : (ਗੁੱਸੇ ‘ਚ) ਜ਼ਰਾ ਆ ਕੇ ਤਾਂ ਵੇਖਣ ਤੁਹਾਡੇ ਨੇੜੇ। ਆਪਣੀ ਚੁੰਝ ਨਾਲ ਉਨ੍ਹਾਂ ਦੀਆਂ ਅੱਖਾਂ ਨਾ ਭੰਨ ਦੇਵਾਂ ਤਾਂ ਮੇਰਾ ਨਾਂ ਗੌਰੀ ਨਹੀਂ।

ਰੁੱਖ ਦਾਦਾ : ਗੌਰੀ! ਇਨ੍ਹਾਂ ਪਿੰਡ ਵਾਲਿਆਂ ‘ਤੇ ਗੁੱਸਾ ਕਰਨ ਦੀ ਲੋੜ ਨਹੀਂ। ਉਨ੍ਹਾਂ ਨੇ ਸਾਡੇ ਬਹੁਤ ਸਾਰੇ ਦੋਸਤ ਰੁੱਖਾਂ ਨੂੰ ਸਾਡੇ ਕੋਲੋਂ ਖੋਹਿਆ ਜ਼ਰੂਰ ਹੈ ਪਰ ਸਾਡੇ ਸਾਹਮਣੇ ਇਸ ਤੋਂ ਵੀ ਜ਼ਿਆਦਾ ਵੱਡੇ ਖ਼ਤਰੇ ਹਨ ਅਤੇ ਇਨ੍ਹਾਂ ਖ਼ਤਰਿਆਂ ਨੂੰ ਜੇ ਸਮਾਂ ਰਹਿੰਦੇ ਨਾ ਰੋਕਿਆ ਗਿਆ ਤਾਂ ਫਿਰ ਕੋਈ ਨਹੀਂ ਬਚੇਗਾ।

ਗੌਰੀ : (ਚੌਂਕਦੇ ਹੋਏ) ਮਨੁੱਖਾਂ ਤੋਂ ਵੀ ਵੱਡੇ ਖ਼ਤਰੇ!

ਰੁੱਖ ਦਾਦਾ : ਹਾਂ ਗੌਰੀ! ਮਨੁੱਖਾਂ ਤੋਂ ਵੀ ਵੱਡੇ ਖ਼ਤਰੇ। ਇਨ੍ਹਾਂ ਦੀਆਂ ਕੁਹਾੜੀਆਂ ਤਾਂ ਸਾਨੂੰ ਦਿਸਦੀਆਂ ਹਨ.. ਪਰ ਕੁਝ ਦੁਸ਼ਮਣ ਤਾਂ ਅਜਿਹੇ ਵੀ ਹਨ ਜਿਹੜੇ ਸਾਡੇ ਨੇੜੇ-ਤੇੜੇ ਹਨ, ਸਾਨੂੰ ਖ਼ਤਮ ਕਰ ਰਹੇ

ਹਨ ਅਤੇ ਦਿਖਾਈ ਵੀ ਨਹੀਂ ਦਿੰਦੇ! ਇਕ ਦਿਨ ਮਨੁੱਖਾਂ ਨੂੰ ਵੀ ਧਰਤੀ ਦੀ ਤਬਾਹੀ ਦੇ ਰੂਪ ‘ਚ ਇਨ੍ਹਾਂ ਦਾ ਮੁੱਲ ਭਰਨਾ ਪਏਗਾ।

ਗੌਰੀ : (ਸਹਿਮੇ ਹੋਏ ਸੁਰ ‘ਚ) ਹਾਏ..! ਮੈਂ ਤਾਂ ਅਜਿਹੇ ਕਿਸੇ ਦੁਸ਼ਮਣ ਦੇ ਬਾਰੇ ਕਦੇ ਸੁਣਿਆ ਨਹੀਂ!

ਰੁੱਖ ਦਾਦਾ : ਹਾਂ, ਪਰ ਮੈਂ ਤਾਂ ਅਜਿਹੇ ਦੁਸ਼ਮਣ ਨੂੰ ਵੇਖਿਆ ਵੀ ਹੈ ਅਤੇ ਉਸ ਨਾਲ ਲੜਿਆ ਵੀ ਹਾਂ। ਮੈਨੂੰ ਖੜ੍ਹੇ-ਖੜ੍ਹੇ ਪੰਜਾਹ ਸਾਲ ਤੋਂ ਜ਼ਿਆਦਾ ਦਾ ਸਮਾਂ ਹੋ ਗਿਆ ਹੈ। ਤੁਹਾਡੀ ਮਾਂ, ਨਾਨੀ ਸਾਰਿਆਂ ਦਾ ਬਸੇਰਾ ਮੇਰੀਆਂ ਇਨ੍ਹਾਂ ਟਾਹਣੀਆਂ ‘ਤੇ ਹੀ ਸੀ।

(ਕੁਹਾੜੀ ਚੱਲਣ ਦੀ ਅਵਾਜ਼ ਪਹਿਲਾਂ ਨਾਲੋਂ ਤੇਜ਼ ਹੁੰਦੀ ਹੈ ਫਿਰ ਅਚਾਨਕ ਰੁਕ ਜਾਂਦੀ ਹੈ/ਰੁੱਖ ਡਿੱਗਣ ਦੀ ਅਵਾਜ਼)

ਰੁੱਖ ਦਾਦਾ : (ਦੁੱਖੀ ਸੁਰ ‘ਚ) ਇਨ੍ਹਾਂ ਬੇਵਕੂਫਾਂ ਨੇ ਫਿਰ ਕਿਸੇ ਇਕ ਹੋਰ ਦੀ ਜਾਨ ਲੈ ਲਈ।

ਗੌਰੀ : ਪਰ ਦਾਦਾ, ਉਹ ਦੁਸ਼ਮਣ ਕਿਹੜੇ ਹਨ..... ਜਿਹੜੇ ਸਾਨੂੰ ਦਿਖਾਈ ਨਹੀਂ ਦਿੰਦੇ?

ਰੁੱਖ ਦਾਦਾ : ਹਾਂ.. ਹਾਂ.. ਦੱਸ ਰਿਹਾ ਹਾਂ ਉਨ੍ਹਾਂ ਬਾਰੇ ਵੀ.....

(ਚਿੜੀਆਂ ਦੇ ਚੂਚਿਆਂ ਦੀ ਤੇਜ਼ ਚਹਿਚਹਾਟ ਸੁਣਾਈ ਦਿੰਦੀ ਹੈ)

ਗੌਰੀ : ਹਾਏ, ਇਹ ਬੱਚੇ ਵੀ ਨਾ..। ਸ਼ਾਇਦ ਹੁਣ ਭੁੱਖ ਲੱਗਣ ਲੱਗੀ ਹੈ। ਦਾਦਾ, ਬੱਚਿਆਂ ਦੇ ਖਾਣ ਦਾ ਸਮਾਂ ਹੋ ਗਿਆ ਹੈ। ਦੁਸ਼ਮਣਾਂ ਦੀਆਂ ਗੱਲਾਂ ਬਾਅਦ ‘ਚ.. . ਹੁਣ ਮੈਂ ਚੱਲਦੀ ਹਾਂ, ਖਾਣੇ ਦਾ ਪ੍ਰਬੰਧ ਕਰਨਾ ਹੋਵੇਗਾ। (ਕੁਝ ਉੱਚੇ ਸੁਰ ‘ਚ) ਆਉਂਦੀ ਹਾਂ ਬੱਚਿਓ! ਹੁਣੇ ਕੁਝ ਲੈ ਕੇ ਆਉਂਦੀ ਹਾਂ ਤੁਹਾਡੇ ਲਈ (ਹੌਲੀ-ਹੌਲੀ ਦੂਰ ਜਾਂਦੀ ਅਵਾਜ਼) ਜ਼ਿਆਦਾ ਸ਼ੋਰ ਨਾ ਕਰੋ। ਦਾਦਾ ਨੂੰ ਤੰਗ ਨਾ ਕਰਨਾ, ਸਮਝੇ (ਚਿੜੀ ਦੇ ਚੂਚਿਆਂ ਦੀ ਚਹਿਚਹਾਟ/ਚਿੜੀ ਦੇ ਉੱਡਣ/ਪੰਖ ਫੜਫੜਾਉਣ ਦੀ ਅਵਾਜ਼/ ਹੌਲ਼ੀ-ਹੌਲੀ ਮੰਦ ਪੈਂਦੀ ਹੈ)

......ਦ੍ਰਿਸ਼ ਬਦਲਾਅ ਸੰਗੀਤ......

......ਦ੍ਰਿਸ਼ ਦੂਜਾ......

(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)

(ਜੰਗਲ ਦੇ ਨੇੜਿਓਂ ਲੰਘਦੀ ਸੜਕ ‘ਤੇ ਕਾਰ/ਵਿਚ-ਵਿਚ ਹਾਰਨ ਵੀ/ਕਾਰ ਰੁਕਣ ਦੀ ਅਵਾਜ਼)

ਰਮਾ : ਪਾਪਾ ਜੀ, ਬਸ.. ਬਸ...। ਕਾਰ ਇੱਥੇ ਹੀ ਪਾਰਕ ਕਰ ਦਿੰਦੇ ਹਾਂ।

ਡਾ. ਹਰਜਿੰਦਰ : ਹਾਂ ਰਮਾ, ਇਹੀ ਠੀਕ ਰਹੇਗਾ!

(ਇੰਜਣ ਬੰਦ ਹੋਣ ਅਤੇ ਕਾਰ ਦੇ ਦਰਵਾਜ਼ੇ ਬੰਦ ਕਰਨ ਦੀ ਅਵਾਜ਼)

ਰਮਾ : ਹਾਂ, ਪਾਪਾ! ਵੇਖੋ ਨਾ ਕਿੰਨਾ ਵੱਡਾ ਜੰਗਲ ਹੈ!

ਡਾ. ਹਰਜਿੰਦਰ : ਹਾਂ ... ਮੈਂ ਇਸ ਜੰਗਲ ਨੂੰ ਪਿਛਲੇ 25-30 ਸਾਲਾਂ ਤੋਂ ਵੇਖਦਾ ਆਇਆ ਹਾਂ। ਇਹ ਤਾਂ ਪਿੰਡ ਦੀ ਸਰਹੱਦ ਤੋਂ ਸ਼ੁਰੂ ਹੋ ਕੇ ਸਾਹਮਣੇ ਦੀਆਂ ਪਹਾੜੀਆਂ ਤੱਕ ਫੈਲਿਆ ਹੋਇਆ ਹੈ।

ਰਮਾ : ਵਾਹ..! ਕਿੰਨਾ ਸੁੰਦਰ! (ਉਤਸ਼ਾਹਿਤ ਸੁਰ 'ਚ) ਮੈਨੂੰ Herbarium 'ਚ ਲਗਾਉਣ ਦੇ ਲਈ ਕਈ ਕਿਸਮ ਦੇ ਪੱਤੇ ਮਿਲ ਜਾਣਗੇ। ਨਾਲ ਹੀ ਕੁਝ ਖ਼ੂਬਸੂਰਤ ਫੋਟੋਗ੍ਰਾਫਸ ਵੀ। (ਸੁਕੇ ਪੱਤਿਆਂ 'ਤੇ ਚੱਲਣ ਦੀ ਅਵਾਜ਼) ਕਲਾਸ 'ਚ ਸਭ ਤੋਂ ਚੰਗਾ ਪ੍ਰੋਜੈਕਟ ਬਣਾਉਣਾ ਹੈ ਮੈਂ। ਕਿੰਨਾ ਸੰਘਣਾ ਹੈ ਇਹ ਜੰਗਲ!

(ਸੁਕੇ ਪੱਤਿਆਂ 'ਤੇ ਚੱਲਣ ਦੀ ਅਵਾਜ਼ ਵਿਚ-ਵਿਚ 'ਚ ਬਣੀ ਰਹਿੰਦੀ ਹੈ/ਚੱਲਦੇ-ਚੱਲਦੇ ਗੱਲਬਾਤ)

ਡਾ. ਹਰਜਿੰਦਰ : ਹੁਣ ਤਾਂ ਕੁਝ ਵੀ ਸੰਘਣਾ ਨਹੀਂ ਹੈ। ਬਹੁਤ ਕੁਝ ਬਦਲ ਗਿਆ ਹੈ ਹੁਣ ਦੇ ਸਾਲਾਂ 'ਚ!

ਰਮਾ : ਹਾਂ! ਪ੍ਰੋਫ਼ੈਸਰ ਦੱਸ ਰਹੇ ਸਨ ਕਿ ਗਲੋਬਲ ਵਾਰਮਿੰਗ ਦਾ ਅਸਰ ਸਾਡੇ ਜੰਗਲਾਂ 'ਤੇ ਵੀ ਪੈ ਰਿਹਾ ਹੈ।

ਡਾ. ਹਰਜਿੰਦਰ : ਬਿਲਕੁਲ ਸਹੀ ਕਿਹਾ। ਗਰਮ ਹੁੰਦੀ ਧਰਤੀ ਦਾ ਅਸਰ ਤਾਂ ਹਰ ਪਾਸੇ ਪਿਆ ਹੈ। ਚਾਹੇ ਉਹ ਜੰਗਲ ਹੋਣ ਜਾਂ ਫਿਰ ਦੂਸਰੇ ਜੀਵ-ਜੰਤੂ। ਧਰਤੀ ਦਾ ਤਾਪਮਾਨ ਵਧਣ ਨਾਲ ਨਾ ਸਿਰਫ਼ ਗਲੇਸ਼ੀਅਰ ਪਿਘਲੇ ਹਨ ਬਲਕਿ ਪੂਰੀ ਜਲਵਾਯੂ 'ਚ ਹੀ ਬਦਲਾਅ ਆ ਰਿਹਾ ਹੈ।

ਰਮਾ : ਪਾਪਾ ਜੀ, ਦੂਰੋਂ ਤਾਂ ਇਹ ਜੰਗਲ ਬਹੁਤ ਸੰਘਣਾ ਨਜ਼ਰ ਆ ਰਿਹਾ ਸੀ ਪਰ ਅੰਦਰ ਪਹੁੰਚ ਕੇ ਤਾਂ ਕੁਝ ਅਲੱਗ ਹੀ ਨਜ਼ਾਰਾ ਦਿਖਾਈ ਦੇ ਰਿਹਾ ਹੈ।

ਡਾ. ਹਰਜਿੰਦਰ : ਇਹੀ ਤਾਂ ਚਿੰਤਾ ਦੀ ਗੱਲ ਹੈ। ਕੁਝ ਸਾਲ ਪਹਿਲਾਂ ਤੱਕ ਪੂਰਾ ਜੰਗਲ ਬਾਂਜ (Quercus), ਬੁਰਾਸ਼ (Rhododendron) ਅਤੇ ਕਾਫਲ (Bayberry/Myrica esculata) ਦੇ ਰੁੱਖਾਂ ਨਾਲ ਭਰਿਆ ਹੋਇਆ ਸੀ। ਸਾਹਮਣੇ ਦੀ ਪੂਰੀ ਪਹਾੜੀ 'ਤੇ ਦੇਵਦਾਰ ਦੇ ਖ਼ੂਬਸੂਰਤ ਰੁੱਖ ਸਨ। ਇਨ੍ਹਾਂ ਰੁੱਖਾਂ 'ਤੇ ਹੁਣ ਲਿਪਟੀਆਂ ਹੋਈਆਂ ਵੇਲਾਂ ਤੋਂ ਕਈ ਗੁਣਾ ਜ਼ਿਆਦਾ ਲੰਬੀਆਂ ਅਤੇ ਸੰਘਣੀਆਂ ਵੇਲਾਂ ਦਿਖਾਈ ਦਿੰਦੀਆਂ ਸਨ.. ਤਰ੍ਹਾਂ-ਤਰ੍ਹਾਂ ਦੀਆਂ। (ਚਿੜੀਆਂ ਤੇ ਝਿੰਗੁਰਾਂ ਦੀਆਂ ਅਵਾਜ਼ਾਂ)

ਰਮਾ : ਪਰ ਹੁਣ ਤਾਂ ਅਜਿਹਾ ਨਹੀਂ! ਜ਼ਮੀਨ ਵੀ ਸੁੱਕੀ-ਸੁੱਕੀ ਹੈ। ਅਜਿਹੇ 'ਚ ਰੁੱਖ-ਪੌਦੇ ਪਨਪਣਗੇ ਵੀ ਕਿਵੇਂ?

ਡਾ. ਹਰਜਿੰਦਰ : ਹਾਂ, ਇਸ ਰਸਤੇ 'ਤੇ ਤਾਂ ਹਮੇਸ਼ਾ ਐਨੀ ਨਮੀ ਰਹਿੰਦੀ ਸੀ ਕਿ ਚੱਲਣਾ ਔਖਾ ਹੋ ਜਾਂਦਾ ਸੀ। ਸਾਰਾ ਸਾਲ ਅਜਿਹਾ ਲੱਗਦਾ ਕਿ ਜਿਵੇਂ ਹੁਣੇ ਹੀ ਮੀਂਹ ਪਿਆ ਹੋਵੇ ਅਤੇ ਚੀੜ੍ਹ ਦੇ ਰੁੱਖ ਤਾਂ ਕੇਵਲ ਹੇਠਲੀਆਂ ਘਾਟੀਆਂ ਦੇ ਨੇੜੇ-ਤੇੜੇ ਹੀ ਦਿਖਾਈ ਦਿੰਦੇ ਸਨ।

ਰਮਾ : ਪਰ ਪਾਪਾ ਜੀ, ਹੁਣ ਤਾਂ ਇੱਥੇ ਚੀੜ੍ਹ ਦੇ ਰੁੱਖ ਹੀ ਜ਼ਿਆਦਾ ਨਜ਼ਰ ਆ ਰਹੇ ਨੇ!

ਡਾ. ਹਰਜਿੰਦਰ : ਇਹੀ ਤਾਂ ਸਮੱਸਿਆ ਹੈ। ਬਦਲਦੀ ਜਲਵਾਯੂ ਦੇ ਕਾਰਨ ਜੰਗਲਾਂ ਦਾ ਰੂਪ ਵੀ ਬਦਲ ਰਿਹਾ ਹੈ..! ਅਜਿਹਾ ਸਿਰਫ਼ ਸਾਡੇ ਇਨ੍ਹਾਂ ਜੰਗਲਾਂ 'ਚ ਹੀ ਨਹੀਂ ਬਲਕਿ ਪੂਰੀ ਦੁਨੀਆ 'ਚ ਹੋ ਰਿਹਾ ਹੈ।

(ਗੱਲਬਾਤ ਦੇ ਦੌਰਾਨ ਪੈਰਾਂ ਦੀ ਅਵਾਜ਼/ਝਿੰਗੁਰਾਂ/ਚਿੜੀਆਂ ਦੀ ਵੀ ਅਵਾਜ਼)

ਰਮਾ : (ਚਿੰਤਾ ਭਰੇ ਸੁਰ 'ਚ) ਜੰਗਲ ਖ਼ਤਮ ਹੋਣ ਦਾ ਅਸਰ ਤਾਂ ਸਾਰਿਆਂ 'ਤੇ ਹੀ ਪਏਗਾ!

ਡਾ. ਹਰਜਿੰਦਰ : ਬਿਲਕੁਲ ਸਹੀ! ਜੰਗਲਾਂ ਦੀ ਦੁਨੀਆਂ 'ਚ ਕਿੰਨਾਂ ਕੁਝ ਹੈ...। ਸੈਂਕੜੇ ਕਿਸਮ ਦੇ ਪੇੜ-ਪੌਦੇ.. ਜੰਗਲੀ ਜਾਨਵਰ... ਕੀਟ ਪਤੰਗੇ.. ਅਤੇ ਇਹ ਖ਼ੂਬਸੂਰਤ ਪੰਛੀ। (ਚਿੜੀਆਂ ਦੀ ਅਵਾਜ਼/ਹੌਲੀ-ਹੌਲੀ ਦੂਰ ਜਾਂਦੀ ਹੋਈ)

ਰਮਾ : ਹਾਂ ਪਾਪਾ ਜੀ। ਇਹ ਜੰਗਲ ਨਾ ਸਿਰਫ਼ ਜੰਗਲੀ ਜੀਵਾਂ ਨੂੰ ਆਸਰਾ ਦਿੰਦੇ ਹਨ ਬਲਕਿ ਸਾਨੂੰ ਵੀ ਬਹੁਤ ਕੁਝ ਦਿੰਦੇ ਹਨ। ਕਿੰਨਾ ਚੰਗਾ ਲੱਗਦਾ ਹੈ ਇੱਥੇ ਆ ਕੇ।

(ਝਾੜੀਆਂ/ਸੁੱਕੇ ਪੱਤਿਆਂ ਦੇ ਹਿੱਲਣ ਦੀ ਅਵਾਜ਼ ਦੇ ਨਾਲ ਹੀ ਤੇਂਦੂਏ ਦੀ ਗੁਰਾਹਟ/ਤੇਜ਼ ਹੁੰਦੀ ਹੋਈ)

ਰਮਾ : (ਡਰ ਨਾਲ ਚੀਕਦੀ ਹੋਈ) ਪਾਪਾ ਜੀ, ਇਹ ਕਿਵੇਂ ਦੀ ਅਵਾਜ਼ ਹੈ..!

ਡਾ. ਹਰਜਿੰਦਰ : (ਡਰ ਅਤੇ ਘਬਰਾਹਟ ਨਾਲ) ਰਮਾ.. ਲੱਗਦਾ ਹੈ ਨੇੜੇ-ਤੇੜੇ ਕੋਈ ਤੇਂਦੂਆ ਹੈ..। ਚੱਲੋ.. ਤੇਜ਼ੀ ਨਾਲ ਚੱਲੋ ਇੱਥੋਂ... ! ਇੱਥੇ... ਸੱਜੇ ਪਾਸੇ ਭੱਜੋ.. ਤੇਜ਼ੀ ਨਾਲ..।

(ਹਫ਼ਦੇ ਹੋਏ ਸੁੱਕੇ ਪੱਤਿਆਂ 'ਤੇ ਭੱਜਣ ਦੀ ਅਵਾਜ਼/ਤੇਂਦੂਏ ਦੀ ਗੁਰਾਹਟ ਨੇੜੇ ਆਉਂਦੀ ਜਾਂਦੀ ਹੈ)

ਰਮਾ : (ਹਫ਼ਦੇ-ਹਫ਼ਦੇ) ਪਾਪਾ ਜੀ, ਉਹ ਤਾਂ ਸਾਡੇ ਨੇੜੇ ਹੀ ਆ ਰਿਹਾ ਹੈ..!

ਡਾ. ਹਰਜਿੰਦਰ : ਰੁਕੋ ਨਾ ਰਮਾ.. ਰੁਕੋ ਨਾ!

ਰਮਾ : (ਰੋਂਦੇ ਹੋਏ ਸੁਰ 'ਚ) ਨਹੀਂ ਪਾਪਾ ਜੀ.. ਮੇਰੇ ਤੋਂ ਨਹੀਂ ਭੱਜਿਆ ਜਾਂਦਾ ਹੁਣ। ਮੈਂ ਤਾਂ ਇਸ ਰੁੱਖ ਦੇ ਪਿੱਛੇ ਹੀ ਲੁੱਕ ਜਾਂਦੀ ਹਾਂ।

(ਤੇਂਦੂਏ ਦੀ ਤੇਜ਼ ਗੁਰਾਹਟ)

ਰੁੱਖ ਦਾਦਾ : (ਉੱਚੇ ਸੁਰ 'ਚ) ਰੁਕੋ ਤੇਂਦੂਆ..। ਰੁਕੋ। (ਤੇਂਦੂਏ ਦੀ ਗੁਰਾਹਟ ਹੌਲੀ-ਹੌਲੀ ਮੰਦ ਪੈ ਜਾਂਦੀ ਹੈ) ਰੁੱਕ ਜਾਉ ਉੱਥੇ ਹੀ!

ਤੇਂਦੂਆ : (ਸ਼ੁਰੂਆਤ ਤੇਂਦੂਏ ਦੀ ਗੁਰਾਹਟ ਦੇ ਨਾਲ) ਦਾਦਾ..! ਕਿਉਂ ਰੋਕਿਆ ਤੁਸੀਂ ਮੈਨੂੰ! ਮੈਨੂੰ ਭੁੱਖ ਲੱਗੀ ਹੈ।

ਰਮਾ : (ਡਰ ਅਤੇ ਹੈਰਾਨੀ ਦੇ ਨਾਲ) ਇਹ ਕੌਣ ਬੋਲ ਰਿਹਾ ਹੈ..। ਕਿਸ ਦੀ ਅਵਾਜ਼ ਹੈ ਇਹ!

ਰੁੱਖ ਦਾਦਾ : ਡਰੋ ਨਾ ਬੇਟੀ.... ਇਹ ਮੈਂ ਹਾਂ। ਵੇਖੋ ਇੱਥੇ..। ਵੇਖੋ!

| | |
|---|---|
| ਡਾ. ਹਰਜਿੰਦਰ | : ਓ.. ਰਮਾ.. ਇਹ ਅਵਾਜ਼ ਤਾਂ ਓਸੇ ਰੁੱਖ ਦੀ ਹੈ ਜਿਸ ਦੇ ਨੀਚੇ ਤੂੰ ਬੈਠੀ ਹੈਂ। ਬੋਲਦਾ ਹੋਇਆ ਰੁੱਖ! |
| ਰੁੱਖ ਦਾਦਾ | : ਹਾਂ.. ਇੱਥੇ ਤੁਸੀਂ ਸਾਡੇ ਸਾਰਿਆਂ ਦੀ ਭਾਸ਼ਾ ਸਮਝ ਸਕੋਗੇ.. ਰੁੱਖ ਪੌਦਿਆਂ ਦੀ ਵੀ ਅਤੇ ਪਸ਼ੂ-ਪੰਛੀਆਂ ਦੀ ਵੀ। |
| ਡਾ. ਹਰਜਿੰਦਰ | : ਪਰ, ਕੀ ਤੁਸੀਂ ਸਾਨੂੰ ਜਾਣਦੇ ਹੋ, ਸਾਨੂੰ ਬਚਾ ਕੇ ਤੁਸੀਂ ਸਾਡੇ ‘ਤੇ ਬਹੁਤ ਉਪਕਾਰ ਕੀਤਾ ਹੈ! |
| ਰੁੱਖ ਦਾਦਾ | : ਹਾਂ.. ਮੈਂ ਤੁਹਾਨੂੰ ਜਾਣਦਾ ਹਾਂ ਪਰ ਤੁਸੀਂ ਮੈਨੂੰ ਪਛਾਣਿਆ ਨਹੀਂ..? ਮੈਂ ਹਾਂ ਰੁੱਖ ਦਾਦਾ..! ਅਤੇ ਸ਼ਾਇਦ ਤੁਸੀਂ ਡਾ. ਹਰਜਿੰਦਰ ਹੋ! |
| ਡਾ. ਹਰਜਿੰਦਰ | : (ਹੈਰਾਨੀ ਨਾਲ) ਹਾਂ.. ਜੀ..! |
| ਰੁੱਖ ਦਾਦਾ | : ਡਾ. ਹਰਜਿੰਦਰ ਜੀ, ਮੈਂ ਤੁਹਾਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਤੁਸੀਂ ਬਚਪਨ ‘ਚ ਇਨ੍ਹਾਂ ਜੰਗਲਾਂ ‘ਚ ਆਇਆ ਕਰਦੇ ਸੀ। |
| ਡਾ. ਹਰਜਿੰਦਰ | : (ਖੁਸ਼ੀ ਦੇ ਨਾਲ) ਓ ਰਮਾ.. ਇਹ ਤਾਂ ਉਹੀ ਰੁੱਖ ਹੈ ਜਿੱਥੇ ਮੈਂ ਬਚਪਨ ‘ਚ ਅਕਸਰ ਹੀ ਆਇਆ ਕਰਦਾ ਸੀ। (ਕੁਝ ਉੱਚੀ ਅਵਾਜ਼ ‘ਚ) ਸ਼ੁਕਰੀਆ ਰੁੱਖ ਦਾਦਾ..। ਅੱਜ ਤੁਸੀਂ ਸਾਡੀ ਜਾਨ ਬਚਾ ਲਈ ਨਹੀਂ ਤਾਂ ਇਹ ਤੇਂਦੂਆ ਤਾਂ ਸਾਨੂੰ ਖਾ ਹੀ ਜਾਂਦਾ। |

(ਤੇਂਦੂਏ ਦੀ ਤੇਜ਼ ਗੁਰਾਹਟ)

| | |
|---|---|
| ਰੁੱਖ ਦਾਦਾ | : ਡਾ. ਹਰਜਿੰਦਰ ਜੀ, ਤੇਂਦੂਏ ਦੀ ਕੋਈ ਗ਼ਲਤੀ ਨਹੀਂ। ਉਹ ਕਰੇ ਵੀ ਕੀ..। ਜੰਗਲ ਦੀ ਹਾਲਤ ਤਾਂ ਤੁਸੀਂ ਵੇਖ ਹੀ ਰਹੇ ਹੋ। (ਤੇਂਦੂਏ ਦੀ ਤੇਜ਼ ਗੁਰਾਹਟ) ਪਰ ਤੁਸੀਂ ਅਰਾਮ ਨਾਲ ਬੈਠੋ ਹੁਣ! |
| ਤੇਂਦੂਆ | : (ਹਲਕੀ ਗੁਰਾਹਟ ਦੇ ਨਾਲ) ਤੁਸੀਂ ਹੀ ਦੱਸੋ ਦਾਦਾ! ਕੀ ਕਰੀਏ ਅਸੀਂ? (ਗੁਰਾਹਟ) |
| ਡਾ. ਹਰਜਿੰਦਰ | : ਡਰੋ ਨਾ ਰਮਾ..। ਡਰੋ ਨਾ। ਇਹ ਸਾਰੇ ਸਾਡੇ ਦੋਸਤ ਹਨ! |

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਤੀਜਾ**……

**(ਦ੍ਰਿਸ਼ ਬਦਲਾਅ ਸੰਗੀਤ ………………………..ਮੱਧਮ ਪੈਂਦਾ ਹੈ)**

**(ਚਿੜੀ ਦੀ ਚਹਿਚਹਾਟ/ ਹੌਲੀ-ਹੌਲੀ ਨੇੜੇ ਆਉਂਦੀ ਹੋਈ, ਵਾਰਤਾਲਾਪ ਅੱਗੇ ਵਧਦਾ ਹੈ)**

| | |
|---|---|
| ਰੁੱਖ ਦਾਦਾ | : ਇਹ ਲਉ.. ਗੌਰੀ ਵੀ ਆ ਗਈ। |
| ਰਮਾ | : ਵਾਹ! ਕਿੰਨਾ ਪਿਆਰਾ ਨਾਮ ਹੈ ਇਸ ਦਾ.. ਗੌਰੀ! ਕੀ ਇਹ ਚਿੜੀ ਵੀ ਮਨੁੱਖ ਨਾਲ ਗੱਲ ਕਰ ਸਕਦੀ ਹੈ? |
| ਗੌਰੀ | : (ਚਹਿਚਹਾਉਂਦੇ ਹੋਏ) ਹਾਂ..ਹਾਂ.. ਕਿਉਂ ਨਹੀਂ। ਅਸੀਂ ਤਾਂ ਹਮੇਸ਼ਾ ਹੀ ਮਨੁੱਖਾਂ ਨਾਲ ਗੱਲ ਕਰਦੇ ਹਾਂ.. ਪਰ ਉਹ ਸਿਰਫ਼ ਨਾਸਮਝੀ ਦਾ ਵਿਖਾਵਾ ਹੀ ਕਰਦੇ ਹਨ। |
| ਡਾ. ਹਰਜਿੰਦਰ | : ਹਾਂ! ਠੀਕ ਹੈ! ਆਖਿਰ ਅਸੀਂ ਲੋਕਾਂ ਨੇ ਕੁਦਰਤ ਨੂੰ ਸਮਝਿਆ ਹੀ ਕਦੋਂ ਹੈ! ਕੁਦਰਤ ਤੋਂ ਲੋੜਾਂ ਦੀ ਪੂਰਤੀ ਦੀ ਥਾਂ ਲਾਲਚ ਪੂਰਾ ਕਰਦੇ ਕਰਦੇ ਇਸ ਨੂੰ ਨੁਕਸਾਨ ਵੀ ਤਾਂ ਪਹੁੰਚਾਇਆ ਹੈ। |

ਗੌਰੀ : ਪਰ ਦਾਦਾ ਦੱਸ ਰਹੇ ਸਨ ਕਿ ਹੁਣ ਤਾਂ ਇੱਕ ਹੋਰ ਵੱਡਾ ਖ਼ਤਰਾ ਸਾਡੇ ਸਾਹਮਣੇ ਆ ਗਿਆ ਹੈ! ਦਾਦਾ.. ਦੱਸੋ ਉਸ ਦੇ ਬਾਰੇ।

ਰੁੱਖ ਦਾਦਾ : ਗੌਰੀ, ਮੈਂ ਗੱਲ ਕਰ ਰਿਹਾ ਸੀ ਬਦਲਦੇ ਹੋਏ ਮੌਸਮ ਦੀ ਜੋ ਅੱਜ ਇਸ ਜੰਗਲ ਦਾ ਇਕ ਨਵਾਂ ਦੁਸ਼ਮਣ ਹੈ। ਵੇਖੋ ਜ਼ਰਾ, ਸਾਲ ਦਰ ਸਾਲ ਧਰਤੀ ਕਿੰਨੀ ਗਰਮ ਹੁੰਦੀ ਜਾ ਰਹੀ ਹੈ!

ਡਾ. ਹਰਜਿੰਦਰ : ਠੀਕ ਕਿਹਾ ਰੁੱਖ ਦਾਦਾ ਤੁਸੀਂ! ਲਗਾਤਾਰ ਬਦਲਦੇ ਮੌਸਮ ਦੇ ਬੁਰੇ ਅਸਰ ਤੋਂ ਤਾਂ ਜੰਗਲ ਵੀ ਨਹੀਂ ਬਚ ਸਕੇ। ਪਿਛਲੇ ਪੱਚੀ-ਤੀਹ ਸਾਲਾਂ 'ਚ ਹੀ ਇਹ ਜੰਗਲ ਵੀ ਕਿੰਨਾ ਬਦਲ ਗਿਆ ਹੈ!

ਗੌਰੀ : ਮੈਂ ਕੁਝ ਸਮਝੀ ਨਹੀਂ!

ਡਾ. ਹਰਜਿੰਦਰ : ਵੇਖ ਗੌਰੀ! ਦਰਅਸਲ ਸਾਡੀ ਧਰਤੀ ਲਗਾਤਾਰ ਗਰਮ ਹੁੰਦੀ ਜਾ ਰਹੀ ਹੈ ਅਤੇ ਇਸ ਗਰਮੀ ਦਾ ਕਾਰਨ ਨੇ - ਉਹ ਗੈਸਾਂ ਜਿਨ੍ਹਾਂ ਨੇ ਅਕਾਸ਼ ਦੇ ਉੱਪਰ ਇਕ ਤੰਬੂ ਜਿਹਾ ਬਣਾ ਦਿੱਤਾ ਹੈ। ਇਸ ਤੰਬੂ ਦੇ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵਧਦਾ ਜਾ ਰਿਹਾ ਹੈ।

ਤੇਂਦੂਆ : ਪਰ ਗਰਮੀ ਵਧਣ ਦੇ ਨਾਲ ਜੰਗਲ 'ਤੇ ਅਸਰ..........?

ਰਮਾ : ਹਾਂ! ਮੈਂ ਦੱਸਦੀ ਹਾਂ! ਵੇਖੋ ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਜੰਗਲ 'ਚ ਸਾਰੇ ਜਾਨਵਰ ਅਤੇ ਪੇੜ-ਪੌਦੇ ਇਕ ਦੂਜੇ ਨਾਲ ਜੁੜੇ ਹੋਏ ਹਨ। ਰੁੱਖ ਦਾਦਾ ਨੇ ਗੌਰੀ ਨੂੰ ਰਹਿਣ ਦਾ ਠਿਕਾਣਾ ਦਿੱਤਾ ਹੈ। ਤੁਹਾਨੂੰ ਵੀ ਆਪਣੇ ਭੋਜਨ ਦੇ ਲਈ ਖ਼ਰਗੋਸ਼ ਅਤੇ ਹਿਰਨ ਜੰਗਲ ਵਿੱਚੋਂ ਹੀ ਮਿਲਦੇ ਹਨ!

ਤੇਂਦੂਆ : ਹਾਂ, ਉਹ ਤਾਂ ਹੈ ਪਰ ਇਸ ਦਾ ਗਰਮੀ ਵਧਣ ਨਾਲ ਕੀ ਸਬੰਧ?

ਡਾ. ਹਰਜਿੰਦਰ : ਸੰਬੰਧ ਹੈ। ਬਸ ਥੋੜ੍ਹਾ ਧਿਆਨ ਨਾਲ ਸੁਣੋ। ਤੁਸੀਂ ਵੀ ਧਿਆਨ ਦਿਉ ਗੌਰੀ। (ਸਮਝਾਉਣ ਵਾਲੇ ਅੰਦਾਜ਼ 'ਚ) ਜਿਵੇਂ-ਜਿਵੇਂ ਗਰਮੀ ਵਧ ਰਹੀ ਹੈ ਧਰਤੀ ਦੀ ਨਮੀ ਘੱਟ ਹੁੰਦੀ ਜਾ ਰਹੀ ਹੈ। ਗਰਮੀ ਦੇ ਕਾਰਨ ਰੁੱਖ-ਪੌਦਿਆਂ 'ਚ ਨਵੀਆਂ ਪੱਤੀਆਂ ਤੇਜ਼ੀ ਨਾਲ ਤਿਆਰ ਹੋ ਜਾਂਦੀਆਂ ਹਨ ਅਤੇ ਇਸ ਦਾ ਨਤੀਜਾ ਹੁੰਦਾ ਹੈ ਜ਼ਿਆਦਾ ਵਾਸ਼ਪ ਉਤਸਰਜਨ ਮਤਲਬ ਪੱਤੀਆਂ ਤੋਂ ਜ਼ਿਆਦਾ ਪਾਣੀ ਦਾ ਉੱਡਣਾ।

ਗੌਰੀ : ਮੇਰੀ ਤਾਂ ਸਮਝ 'ਚ ਅਜੇ ਵੀ ਕੁਝ ਨਹੀਂ ਆਇਆ।

ਡਾ. ਹਰਜਿੰਦਰ : ਇੱਕ ਪਾਸੇ ਤਾਂ ਗਰਮੀ ਦੇ ਕਾਰਨ ਧਰਤੀ ਸੁੱਕ ਰਹੀ ਹੈ, ਦੂਜੇ ਪਾਸੇ ਰੁੱਖ ਜ਼ਿਆਦਾ ਪਾਣੀ ਨੂੰ ਭਾਫ਼ ਬਣਾ ਕੇ ਉਡਾ ਰਹੇ ਹਨ। ਇਸ ਸੋਕੇ ਦੇ ਕਾਰਨ ਰੁੱਖ ਵੀ ਕਮਜ਼ੋਰ ਹੋਣ ਲੱਗਦੇ ਹਨ। ਗਰਮੀ ਵਧਣ ਦੇ ਕਾਰਨ ਇਨ੍ਹਾਂ ਜੰਗਲਾਂ 'ਚ ਕੀੜੇ-ਮਕੌੜੇ ਵੱਡੀ ਸੰਖਿਆ 'ਚ ਤੇਜ਼ੀ ਨਾਲ ਹਮਲਾ ਕਰ ਰਹੇ ਹਨ।

ਰਮਾ : ਪਰ ਪਾਪਾ ਜੀ, ਤੁਸੀਂ ਦੱਸ ਰਹੇ ਸੀ ਕਿ ਪਹਿਲਾਂ ਇਹ ਜੰਗਲ ਕਾਫ਼ੀ ਸੰਘਣੇ ਸੀ ਅਤੇ ਚੀੜ੍ਹ ਦੇ ਰੁੱਖ ਵੀ ਘੱਟ ਸਨ। ਇਹ ਸਭ ਕੁਝ ਕਿਵੇਂ ਬਦਲਿਆ?

ਡਾ. ਹਰਜਿੰਦਰ : ਇਹ ਵੀ ਗਲੋਬਲ ਵਾਰਮਿੰਗ ਦਾ ਹੀ ਅਸਰ ਹੈ। ਜ਼ਰਾ ਸਾਹਮਣੇ ਦੀਆਂ ਪਹਾੜੀਆਂ ਵੱਲ ਵੇਖੋ। ਜਿਹੜੀਆਂ ਚੋਟੀਆਂ ਪਹਿਲਾਂ ਬਰਫ਼ ਨਾਲ ਢਕੀਆਂ ਰਹਿੰਦੀਆਂ ਸਨ ਹੁਣ ਉੱਥੇ ਚਟਾਨਾਂ ਨਜ਼ਰ

ਆ ਰਹੀਆਂ ਹਨ। ਤਾਪਮਾਨ ਵਧਣ ਨਾਲ ਨਿਚਲੀਆਂ ਘਾਟੀਆਂ ‘ਚ ਉੱਗਣ ਵਾਲੇ ਪੇੜ-ਪੌਦੇ ਵੀ ਜ਼ਿਆਦਾ ਉੱਚਾਈ ਵਾਲੇ ਇਲਾਕਿਆਂ ‘ਚ ਉਗਣ ਲੱਗੇ ਹਨ।

ਰਮਾ : ਮਤਲਬ ਇਹ ਹੈ ਕਿ ਰੁੱਖ ਲੜੀ (ਟ੍ਰੀ-ਲਾਈਨ) ਉਚਾਈ ਦੇ ਵੱਲ ਖਿਸਕ ਰਹੀ ਹੈ।

ਡਾ. ਹਰਜਿੰਦਰ : ਹਾਂ! ਗਰਮੀ ਵਧਣ ਦੇ ਕਾਰਨ ਪੇੜ-ਪੌਦਿਆਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਖ਼ੁਦ ਨੂੰ ਇਸ ਤਾਪਮਾਨ ਦੇ ਹਿਸਾਬ ਨਾਲ ਨਹੀਂ ਢਾਲ ਸਕਦੀਆਂ ਅਤੇ ਖ਼ਤਮ ਹੋ ਜਾਂਦੀਆਂ ਹਨ।

ਤੇਂਦੂਆ : ਹੁਣ ਮੈਂ ਸਮਝਿਆ ਕਿ ਇਹ ਜੰਗਲ ਐਨਾ ਘੱਟ ਸੰਘਣਾ ਕਿਉਂ ਹੁੰਦਾ ਜਾ ਰਿਹਾ ਹੈ ਪਰ ਮੈਂ ਜਿਨ੍ਹਾਂ ਦਾ ਸ਼ਿਕਾਰ ਕਰਦਾ ਸੀ ਉਹ ਸਭ ਕਿੱਥੇ ਚਲੇ ਗਏ?

ਡਾ. ਹਰਜਿੰਦਰ : ਵੇਖੋ ਤੇਂਦੂਆ, ਤੁਸੀਂ ਜਿਨ੍ਹਾਂ ਹਿਰਨਾਂ ਅਤੇ ਖ਼ਰਗੋਸ਼ਾਂ ਦਾ ਸ਼ਿਕਾਰ ਕਰਦੇ ਸੀ ਉਹ ਘਾਹ ਦੀ ਘਾਟ ਕਾਰਨ ਇਸ ਇਲਾਕੇ ਤੋਂ ਨਿਕਲ ਕੇ ਦੂਜੇ ਘਾਹ ਭਰੇ ਇਲਾਕਿਆਂ ਵੱਲ ਚਲੇ ਗਏ ਪਰ ਹਰ ਜੰਗਲੀ ਜੀਵ ਦੇ ਲਈ ਇਸ ਤਰ੍ਹਾਂ ਪਰਵਾਸ ਕਰਨਾ ਮਤਲਬ ਦੂਜੀ ਥਾਂ ਜਾਣਾ ਅਸਾਨ ਨਹੀਂ.. ਜਿਵੇਂ ਕਿ ਤੁਹਾਡੇ ਲਈ।

ਤੇਂਦੂਆ : ਸਹੀ ਕਿਹਾ ਜੀ! ਜਿਵੇਂ ਹੀ ਅਸੀਂ ਜੰਗਲ ਦੀ ਸਰਹੱਦ ਤੋਂ ਬਾਹਰ ਨਿਕਲਦੇ ਹਾਂ ਓਵੇਂ ਹੀ ਮਨੁੱਖ ਸਾਨੂੰ ਹਮਲਾਵਰ ਸਮਝ ਕੇ ਜਾਨ ਲੈਣ ਦੀ ਕੋਸ਼ਿਸ਼ ਕਰਨ ਲੱਗਦੇ ਹਨ। (ਕੁਝ ਗੁੱਸੇ ‘ਚ) ਜਦੋਂ ਕਿ ਹਕੀਕਤ ਇਹ ਹੈ ਕਿ ਉਹ ਸਾਡੇ ਜੰਗਲਾਂ ਵਿੱਚ ਘੁਸੇ ਹਨ ਨਾ ਕਿ ਅਸੀਂ ਉਨ੍ਹਾਂ ਦੀਆਂ ਬਸਤੀਆਂ ‘ਚ!

ਰੁੱਖ ਦਾਦਾ : ਤੁਹਾਡਾ ਗੁੱਸਾ ਸਹੀ ਹੈ ਪਰ ਵੇਖੋ, ਹੁਣ ਆਪਣੀ ਨਾਸਮਝੀ ਦਾ ਨਤੀਜਾ ਮਨੁੱਖਾਂ ਨੂੰ ਵੀ ਤਾਂ ਭੁਗਤਨਾ ਹੀ ਪੈ ਰਿਹਾ ਹੈ।

ਗੌਰੀ : ਪਰ ਇਸ ਵਧਦੀ ਗਰਮੀ ਨਾਲ ਮੇਰਾ ਕੀ ਲੈਣਾ-ਦੇਣਾ?

ਡਾ. ਹਰਜਿੰਦਰ : ਕਿਉਂ ਨਹੀਂ ਲੈਣਾ-ਦੇਣਾ ਗੌਰੀ। ਤੁਸੀਂ ਦੱਸੋ ਕਿ ਕੀ ਤੁਹਾਨੂੰ ਅੱਜ-ਕੱਲ੍ਹ ਆਪਣੇ ਖਾਣੇ ਦੇ ਲਈ ਕੀੜੇ-ਮਕੌੜਿਆਂ ਦੀ ਕੋਈ ਘਾਟ ਨਹੀਂ ਲੱਗਦੀ?

ਗੌਰੀ : ਨਹੀਂ.. ਬਿਲਕੁਲ ਨਹੀਂ! ਮੈਂ ਵੀ ਖੁਸ਼ ਹਾਂ ਅਤੇ ਬੱਚੇ ਵੀ.... (ਚਹਿਚਹਾਟ)

ਡਾ. ਹਰਜਿੰਦਰ : ਤੁਹਾਡੇ ਲਈ ਭਲਾ ਇਹ ਖੁਸ਼ੀ ਦੀ ਗੱਲ ਹੋਵੇ ਪਰ ਇਸ ‘ਚ ਵੀ ਇਕ ਫ਼ਿਕਰ ਛੁਪੀ ਹੋਈ ਹੈ।

ਗੌਰੀ : ਉਹ ਕਿਵੇਂ?

ਡਾ. ਹਰਜਿੰਦਰ : ਗਰਮ ਹੁੰਦੀ ਧਰਤੀ ਦੇ ਕਾਰਨ ਸਰਦੀਆਂ ਤੋਂ ਬਾਅਦ ਬਸੰਤ ਜਲਦੀ ਨਾਲ ਆਉਣ ਲੱਗਿਆ ਹੈ। ਪਹਿਲਾਂ ਸਰਦੀਆਂ ਜ਼ਿਆਦਾ ਲੰਮੀਆਂ ਚੱਲਦੀਆਂ ਸਨ ਅਤੇ ਕੀੜਿਆਂ ਦਾ ਪ੍ਰਕੋਪ ਵੀ ਘੱਟ ਰਹਿੰਦਾ ਸੀ। ਠੰਡ ਦੇ ਦੌਰਾਨ ਕੀੜਿਆਂ ਦੀ ਤਾਦਾਦ ਵੀ ਹੌਲੀ-ਹੌਲੀ ਵਧਦੀ ਹੈ ਤੇ ਉਨ੍ਹਾਂ ਦਾ ਸੁੰਡੀ-ਪੜਾਅ (ਲਾਰਵਾ ਸਟੇਜ) ਵੀ ਕੁਝ ਲੰਮਾ ਚੱਲਦਾ ਹੈ ਪਰ ਗਰਮ ਮੌਸਮ ਵਿੱਚ ਇਹ ਘਟ ਜਾਂਦਾ ਹੈ ਤੇ ਕੀੜੇ ਮਕੌੜਿਆਂ ਦੀ ਤਾਦਾਦ ਬੇਹਦ ਵਧ ਜਾਂਦੀ ਹੈ!

ਗੌਰੀ : ਹਾਂ! ਸਰਦੀਆਂ ਵਿੱਚ ਕੀੜਿਆਂ ਨੂੰ ਲੱਭਣਾ ਕਾਫ਼ੀ ਔਖਾ ਹੁੰਦਾ ਹੈ ਜਦੋਂ ਕਿ ਵਰਖਾ ਅਤੇ ਗਰਮੀਆਂ ਵਿੱਚ ਤਾਂ ਬਹੁਤ ਆਸਾਨੀ ਨਾਲ ਮਿਲ ਜਾਂਦੇ ਹਨ!

ਰੁੱਖ ਦਾਦਾ : ਪਰ ਇਹੀ ਕੀੜੇ ਤਾਂ ਸਾਡੇ ਰੁੱਖਾਂ ਦੇ ਲਈ ਦੁਸ਼ਮਣ ਹਨ ਗੌਰੀ!

ਗੌਰੀ : ਇਸੇ ਲਈ ਤਾਂ ਮੈਂ ਇਨ੍ਹਾਂ ਨੂੰ ਖਾ ਜਾਂਦੀ ਹਾਂ ਦਾਦਾ!

(ਸਾਰੇ ਹੱਸਦੇ ਹਨ)

ਡਾ. ਹਰਜਿੰਦਰ : ਬਦਲਦੀ ਜਲਵਾਯੂ ਦੇ ਅਸਰ ਤੋਂ ਤਾਂ ਕੋਈ ਵੀ ਜੀਵ-ਜੰਤੂ ਨਹੀਂ ਬਚ ਸਕਿਆ! ਗਲੋਬਲ ਵਾਰਮਿੰਗ ਨੇ ਦੁਨੀਆ ਭਰ 'ਚ ਮੀਂਹ, ਤੂਫ਼ਾਨ ਤੇ ਬਰਫ਼ਬਾਰੀ ਦਾ ਮਿਜਾਜ਼ ਵੀ ਬਦਲ ਦਿੱਤਾ ਹੈ ਜਿਸ ਦਾ ਅਸਰ ਜੰਗਲਾਂ 'ਤੇ ਵੀ ਦਿਖਾਈ ਦਿੰਦਾ ਹੈ।

ਰੁੱਖ ਦਾਦਾ : ਉਹ ਕਿਵੇਂ?

ਡਾ. ਹਰਜਿੰਦਰ : ਅਸੀਂ ਸਾਰੇ ਵੇਖ ਹੀ ਰਹੇ ਹਾਂ ਕਿ ਅੱਜ ਕੱਲ ਕਿਤੇ ਬਹੁਤ ਜ਼ਿਆਦਾ ਵਰਖਾ ਤੇ ਕਿਤੇ ਭਿਆਨਕ ਸੋਕੇ ਦੇ ਹਾਲਾਤ ਬਣ ਰਹੇ ਹਨ। ਤੂਫ਼ਾਨਾਂ ਦੇ ਆਉਣ ਦਾ ਸਮਾਂ ਅਤੇ ਉਨ੍ਹਾਂ ਦੀ ਤਾਕਤ ਵੀ ਬਦਲੀ ਹੈ। ਇਹ ਤੂਫ਼ਾਨ ਜਾਂ ਵਰਖਾ, ਜੰਗਲੀ ਇਲਾਕਿਆਂ ਦੇ ਕਾਫ਼ੀ ਸਾਰੇ ਪੇੜ-ਪੌਦਿਆਂ ਨੂੰ ਤਬਾਹ ਕਰ ਦਿੰਦੇ ਹਨ। ਜੰਗਲਾਂ 'ਚ ਰੁੱਖਾਂ ਦੀ ਤਬਾਹੀ ਦਾ ਮਤਲਬ.. ਜੰਗਲ ਨਾਲ ਜੁੜੇ ਹਰ ਜੀਵ-ਜੰਤੂ, ਪਸ਼ੂ ਪੰਛੀ 'ਤੇ ਪ੍ਰਕੋਪ!

ਰਮਾ : ਜੰਗਲਾਂ ਦੀ ਇਕ ਵੱਡੀ ਦੁਸ਼ਮਣ ਤਾਂ ਜੰਗਲਾਂ ਦੀ ਅੱਗ ਵੀ ਹੈ ਨਾ ਦਾਦਾ? ਆਹ ਹੁਣੇ 23 ਅਕਤੂਬਰ 2019 ਨੂੰ ਸਾਨ ਫਰਾਂਸਿਸਕੋ ਵਿੱਚ ਲੱਗੀ ਜੰਗਲ ਦੀ ਅੱਗ 145 ਕਿਲੋਮੀਟਰ ਪ੍ਰਤੀ ਘੰਟੇ ਨਾਲ ਫੈਲਦੀ ਜਾ ਰਹੀ ਸੀ ਅਤੇ 27 ਅਕਤੂਬਰ ਤੱਕ ਇਹ ਅੱਗ 30,000 ਏਕੜ ਵਿੱਚ ਫੈਲ ਚੁੱਕੀ ਸੀ।

ਡਾ. ਹਰਜਿੰਦਰ : ਹਾਂ! ਸਾਡੀ ਦਿਵਾਲੀ ਵਾਲੇ ਦਿਨ ਕੈਲੇਫੋਰਨੀਆ ਦੇ ਗਵਰਨਰ ਗੈਵਿਨ ਨਿਊਜ਼ੋਮ ਵੱਲੋਂ ਦੇਰ ਸ਼ਾਮ ਨੂੰ ਹੰਗਾਮੀ ਹਾਲਾਤ ਦਾ ਐਲਾਨ ਵੀ ਕਰਨਾ ਪਿਆ!

ਰਮਾ : ਇਹ ਤਾਂ ਐਨੀ ਭਿਆਨਕ ਹੈ ਕਿ 3000 ਮੁਲਾਜ਼ਮ ਇਸ ਨੂੰ ਬੁਝਾਉਣ 'ਤੇ ਲੱਗੇ ਹਨ ਅਤੇ ਇੱਕ ਲੱਖ ਅੱਸੀ ਹਜ਼ਾਰ ਲੋਕਾਂ ਨੂੰ ਸੁਰੱਖਿਅਤ ਠਿਕਾਣਿਆਂ 'ਤੇ ਪਹੁੰਚਾਇਆ ਗਿਆ ਹੈ!

ਰੁੱਖ ਦਾਦਾ : ਬਿਲਕੁਲ ਸਹੀ! ਆਹ ਵੇਖ! ਪਿਛਲੀ ਵਾਰ ਜਦੋਂ ਸਾਡੇ ਇਸ ਜੰਗਲ ਵਿੱਚ ਵੀ ਅੱਗ ਲੱਗੀ ਸੀ ਤਾਂ ਮੇਰੀਆਂ ਇਹ ਟਾਹਣੀਆਂ ਝੁਲਸ ਗਈਆਂ ਸਨ। ਉਹ ਤਾਂ ਭਲਾ ਹੋਏ ਮੀਂਹ ਦਾ ਜਿਹੜਾ ਸਹੀ ਸਮੇਂ ਆ ਗਿਆ ਅਤੇ ਬਸ ਕਿਸੇ ਤਰ੍ਹਾਂ ਮੇਰੀ ਜਾਨ ਬਣ ਗਈ।

ਡਾ. ਹਰਜਿੰਦਰ : ਹਾਂ ਦਾਦਾ! ਜ਼ਮੀਨ ਦੀ ਨਮੀ ਘੱਟ ਹੁੰਦੀ ਜਾ ਰਹੀ ਹੈ ਅਤੇ ਸੋਕਾ ਵਧ ਰਿਹਾ ਹੈ ਜਿਸ ਨਾਲ ਜੰਗਲਾਂ 'ਚ ਅੱਗ ਦੀਆਂ ਘਟਨਾਵਾਂ ਵਧ ਰਹੀਆਂ ਹਨ ਕਿਉਂ ਜੋ ਸੁੱਕੇ ਪੱਤੇ ਸਹਿਜੇ ਹੀ ਬਲਣ ਲੱਗ ਜਾਂਦੇ ਹਨ। ਇਸ ਸਾਰੇ ਵਰਤਾਰੇ ਦੇ ਕਾਰਨ ਰੁੱਖ ਲਗਾਤਾਰ ਘਟ ਰਹੇ ਹਨ! ਇਹ ਸਭ ਇਕ ਬੁਰੇ ਚੱਕਰ ਦੇ ਵਾਂਗ ਚੱਲਦਾ ਜਾ ਰਿਹਾ ਹੈ।

ਤੇਂਦੂਆ : ਸਹੀ ਗੱਲ ਹੈ! ਜੰਗਲ 'ਚ ਪਾਣੀ ਦੇ ਸ੍ਰੋਤ ਲਗਾਤਾਰ ਘੱਟ ਰਹੇ ਹਨ। ਮੈਨੂੰ ਤਾਂ ਪਾਣੀ ਦੀ ਭਾਲ 'ਚ ਕਈ ਵਾਰ ਦੂਰ-ਦੂਰ ਤੱਕ ਜਾਣਾ ਪੈਂਦਾ ਹੈ। ਜੰਗਲ ਤੋਂ ਬਾਹਰ ਜਾਵਾਂ ਤਾਂ ਆਪਣੀ ਜਾਨ ਦਾ

ਹੀ ਖ਼ਤਰਾ..। ਜਦੋਂ ਇੱਥੇ ਦਾ ਜੰਗਲ ਕਾਫ਼ੀ ਸੰਘਣਾ ਸੀ ਤਾਂ ਇੱਥੇ ਪਾਣੀ ਦੀ ਵੀ ਘਾਟ ਨਹੀਂ ਸੀ।

ਰੁੱਖ ਦਾਦਾ : ਸਾਡਾ ਅਤੇ ਪਾਣੀ ਦਾ ਤਾਂ ਜਨਮ-ਜਨਮ ਦਾ ਸਾਥ ਹੈ।

ਗੌਰੀ : ਉਹ ਕਿਵੇਂ ਦਾਦਾ?

ਰੁੱਖ ਦਾਦਾ : ਵੇਖੋ, ਜੰਗਲਾਂ 'ਚ ਨਮ ਹਵਾ ਜਾਂ ਕੋਹਰਾ ਸਾਡੀਆਂ ਪੱਤੀਆਂ ਨਾਲ ਟਕਰਾਉਂਦਾ ਹੈ। ਹਵਾ ਦੀ ਨਮੀ ਲਗਾਤਾਰ ਪੱਤੀਆਂ ਦੀ ਸਤਿਹ 'ਤੇ ਪਾਣੀ ਦੇ ਕਣਾਂ ਨੂੰ ਜਮ੍ਹਾ ਕਰਦੀ ਜਾਂਦੀ ਹੈ ਅਤੇ ਉਹ ਪਾਣੀ ਬੂੰਦ-ਬੂੰਦ ਕਰਕੇ ਹੇਠਾਂ ਧਰਤੀ 'ਤੇ ਟਪਕਦਾ ਰਹਿੰਦਾ ਹੈ ਜਿਸ ਨਾਲ ਧਰਤੀ ਦੀ ਨਮੀ ਬਣੀ ਰਹਿੰਦੀ ਹੈ। ਇਹ ਨਮੀ ਨਾ ਸਿਰਫ਼ ਪੇੜ-ਪੌਦਿਆਂ ਬਲਕਿ ਜੀਵ-ਜੰਤੂਆਂ ਦੇ ਲਈ ਵੀ ਜ਼ਰੂਰੀ ਹੈ।

ਗੌਰੀ : ਜੰਗਲ 'ਚ ਸਾਰਾ ਕੁਝ ਇਕ-ਦੂਜੇ ਨਾਲ ਕਿੰਨਾ ਜੁੜਿਆ ਹੋਇਆ ਹੈ। ਮੈਨੂੰ ਤਾਂ ਇਸ ਦਾ ਅੰਦਾਜ਼ਾ ਵੀ ਨਹੀਂ ਸੀ!

ਤੇਂਦੂਆ : ਹੁਣ ਮੈਂ ਸਮਝਿਆ ਕਿ ਮੈਨੂੰ ਵੀ ਸ਼ਿਕਾਰ ਕਰਨ 'ਚ ਐਨੀ ਪ੍ਰੇਸ਼ਾਨੀ ਕਿਉਂ ਹੁੰਦੀ ਹੈ। ਗਰਮੀ ਵਧੀ ਤਾਂ ਸੁੱਕੀ ਧਰਤੀ ਤੋਂ ਘਾਹ ਅਤੇ ਪੌਦੇ ਖ਼ਤਮ ਹੋਣ ਲੱਗੇ। ਘਾਹ, ਕੋਮਲ ਪੱਤਿਆਂ ਵਾਲੇ ਪੌਦੇ ਅਤੇ ਪਾਣੀ ਨਹੀਂ ਰਿਹਾ ਤਾਂ ਫਿਰ ਖ਼ਰਗੋਸ਼ ਇੱਥੇ ਕੀ ਕਰਦੇ। ਉਹ ਵੀ ਦੂਜੇ ਇਲਾਕਿਆਂ ਦੇ ਵੱਲ ਚਲੇ ਗਏ। (ਉਦਾਸ ਸੁਰ 'ਚ) ਪਰ ਹਰ ਕੋਈ ਤਾਂ ਇਸ ਜੰਗਲ ਤੋਂ ਬਾਹਰ ਨਹੀਂ ਜਾ ਸਕਦਾ ਨਾ!

ਡਾ. ਹਰਜਿੰਦਰ : ਸਿਰਫ਼ ਤੁਹਾਡੀ ਹੀ ਨਹੀਂ ਬਲਕਿ ਬਹੁਤ ਸਾਰੇ ਪੇੜ-ਪੌਦਿਆਂ ਦੀ ਵੀ ਇਹੀ ਪ੍ਰੇਸ਼ਾਨੀ ਹੈ। ਜਿਵੇਂ ਜਦੋਂ ਤੋਂ ਇਨ੍ਹਾਂ ਪਹਾੜਾਂ 'ਚ ਸਰਦੀਆਂ ਛੋਟੀਆਂ ਅਤੇ ਗਰਮੀਆਂ ਦਾ ਮੌਸਮ ਲੰਬਾ ਹੋਣ ਲੱਗਿਆ ਹੈ ਤਾਂ ਇਹ ਚੀੜ੍ਹ ਦੇ ਰੁੱਖ ਵੀ ਜ਼ਿਆਦਾ ਢੁਕਵੇਂ ਇਲਾਕਿਆਂ 'ਚ ਆਪਣੀਆਂ ਜੜ੍ਹਾਂ ਜਮਾਉਣ ਲੱਗੇ ਹਨ! ਪਰ ਜਿਹੜਾ ਪੇੜ-ਪੌਦਾ ਨਵੀਂ ਥਾਂ ਆਪਣਾ ਠਿਕਾਣਾ ਨਹੀਂ ਬਣਾ ਸਕਦਾ ਉਹ ਖ਼ਤਮ ਹੋ ਜਾਂਦਾ ਹੈ।

ਰੁੱਖ ਦਾਦਾ : ਜਿਵੇਂ ਮੈਂ.. ਮਤਲਬ ਦੇਵਦਾਰ (Deodar/Cedrus deodara) ਦਾ ਰੁੱਖ। ਸਾਡੀ ਪ੍ਰਜਾਤੀ ਦੇ ਰੁੱਖ ਦੋ ਹਜ਼ਾਰ ਮੀਟਰ ਤੋਂ ਚੌਵੀਂ ਸੌ ਮੀਟਰ ਦੀ ਉਚਾਈ 'ਤੇ ਪਾਏ ਜਾਂਦੇ ਹਨ ਪਰ ਜ਼ਿਆਦਾਤਰ ਥਾਵਾਂ ਤੋਂ ਸਾਡਾ ਕੁਨਬਾ ਹੀ ਖ਼ਤਮ ਹੋ ਰਿਹਾ ਹੈ। ਦੇਵਦਾਰ ਦੇ ਨਵੇਂ ਜੰਗਲ ਤਾਂ ਸ਼ਾਇਦ ਹੀ ਕਿਤੇ ਵੇਖਣ ਨੂੰ ਮਿਲਣ।

ਗੌਰੀ : ਹਾਂ ਦਾਦਾ, ਮੈਂ ਤਾਂ ਅਕਸਰ ਘੁੰਮਦੇ-ਘੁੰਮਾਉਂਦੇ ਦੂਰ ਤੱਕ ਉੱਡ ਆਉਂਦੀ ਹਾਂ, ਪਰ ਮੈਨੂੰ ਤਾਂ ਬਸ ਤੁਹਾਡੇ ਪਰਿਵਾਰ ਦੇ ਕੁਝ ਕੁ ਹੀ ਲੋਕ ਦਿਖਾਈ ਦਿੰਦੇ ਹਨ।

ਡਾ. ਹਰਜਿੰਦਰ : ਸਹੀ ਕਿਹਾ ਦਾਦਾ! ਪੇੜ-ਪੌਦਿਆਂ ਦੀਆਂ ਸਾਰੀਆਂ ਪ੍ਰਜਾਤੀਆਂ ਦੂਸਰੀ ਥਾਂ ਪਹੁੰਚ ਕੇ ਪਣਪ ਨਹੀਂ ਪਾਉਂਦੀਆਂ। ਤੁਹਾਡੇ ਬੀਜ ਖੰਭਾਂ ਦੇ ਸਹਾਰੇ ਹਵਾ 'ਚ ਦੂਰ-ਦੂਰ ਤੱਕ ਪਹੁੰਚ ਤਾਂ ਜਾਂਦੇ ਹਨ ਪਰ ਤੁਹਾਡੇ ਮਾਫ਼ਕ ਮਿੱਟੀ ਅਤੇ ਜਲਵਾਯੂ ਨਾ ਮਿਲਣ ਕਰਕੇ ਪੁੰਗਰ ਨਹੀਂ ਸਕਦੇ! ਬਦਲੀ

ਹੋਈ ਆਬੋ ਹਵਾ 'ਚ ਉਹੀ ਰੁੱਖ ਜੰਗਲਾਂ 'ਚ ਹਾਵੀ ਹੋ ਰਹੇ ਹਨ ਜਿਨ੍ਹਾਂ 'ਚ ਬਦਲੇ ਹੋਏ ਹਾਲਾਤ 'ਚ ਪਣਪਣ ਦੀ ਸਮਰਥਾ ਹੈ।

ਰੁੱਖ ਦਾਦਾ : ਸਹੀ ਕਿਹਾ! ਮੈਂ ਵੇਖਦਾ ਹਾਂ ਕਿ ਸੁੱਕੇ 'ਚ ਉਗਣ ਵਾਲੇ ਪੇੜ-ਪੌਦਿਆਂ ਨੇ ਖ਼ੁਦ ਨੂੰ ਇਸ ਮਾਹੌਲ 'ਚ ਜ਼ਿਆਦਾ ਚੰਗੀ ਤਰ੍ਹਾਂ ਨਾਲ ਢਾਲ ਲਿਆ ਹੈ। ਉਹ ਘੱਟ ਪਾਣੀ ਹੋਣ 'ਤੇ ਵੀ ਪੈਦਾ ਹੋ ਜਾਂਦੇ ਹਨ ਅਤੇ ਅੱਗ ਲੱਗਣ 'ਤੇ ਵੀ ਖ਼ਤਮ ਨਹੀਂ ਹੁੰਦੇ ਅਤੇ ਖ਼ੁਦ ਨੂੰ ਸੰਭਾਲ ਲੈਂਦੇ ਹਨ।

ਗੌਰੀ : ਵਧਦੀ ਗਰਮੀ ਦੇ ਅਸਰ ਤੋਂ ਜੰਗਲਾਂ ਨੂੰ ਤਾਂ ਬਚਾਉਣਾ ਹੀ ਚਾਹੀਦਾ ਹੈ। ਕੀ ਕਰ ਰਹੇ ਹੋ ਤੁਸੀਂ ਉਪਾਅ?

ਡਾ. ਹਰਜਿੰਦਰ : ਵਾਤਾਵਰਨ ਨੂੰ ਗਰਮ ਕਰਨ ਵਾਲੀਆਂ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨੂੰ ਘਟਾਉਣ ਦੇ ਉਪਾਵਾਂ 'ਤੇ ਧਿਆਨ ਦਿੱਤਾ ਜਾ ਰਿਹਾ ਹੈ! ਵਿਕਾਸ ਤੇ ਵਾਤਾਵਰਨ ਦੇ ਦਰਮਿਆਨ ਇਕ ਸੰਤੁਲਣ ਬਨਾਉਣ ਦੇ ਯਤਨ ਹੋ ਰਹੇ ਹਨ!

ਰਮਾ : ਪਾਪਾ ਜੀ, ਕੀ ਭਾਰਤ 'ਚ ਵੀ ਜੰਗਲ ਤੇਜ਼ੀ ਨਾਲ ਘਟ ਰਹੇ ਹਨ?

ਡਾ. ਹਰਜਿੰਦਰ : ਵਾਤਾਵਰਨ ਮੰਤਰਾਲੇ ਦੀ ਰਿਪੋਰਟ ਦੇ ਹਿਸਾਬ 2015 ਦੀ ਤੁਲਣਾ 'ਚ 2017 ਵਿੱਚ ਵਣਾਂ ਦਾ ਖੇਤਰਫਲ ਵਧਿਆ ਹੈ। ਇਨ੍ਹਾਂ ਦੋ ਸਾਲਾਂ ਵਿੱਚ ਇਹ 6778 ਵਰਗ ਕਿਲੋ ਮੀਟਰ ਦੇ ਵਾਧੇ ਨਾਲ 7,08,273 ਵਰਗ ਕਿਲੋਮੀਟਰ ਹੋ ਗਿਆ!

ਰੁੱਖ ਦਾਦਾ : ਠੀਕ ਹੈ! ਪਰ ਜੰਗਲਾਂ ਦੇ ਅੰਦਰੂਨੀ ਹਾਲਤਾਂ 'ਚ ਆ ਰਹੇ ਬਦਲਾਅ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਸਾਹਮਣੇ ਬੁਰਾਂਸ਼ ਦਾ ਰੁੱਖ ਦਿਖਾਈ ਦੇ ਰਿਹਾ ਹੈ ਨਾ ਤੁਹਾਨੂੰ..?

ਡਾ. ਹਰਜਿੰਦਰ : ਹਾਂ ਦਾਦਾ...। ਇਸ ਦੇ ਸੋਹਣੇ ਸੁਰਖ਼ ਫੁੱਲਾਂ ਨੂੰ ਅਸੀਂ ਬਚਪਨ 'ਚ ਇਕੱਠਾ ਕਰਿਆ ਕਰਦੇ ਸੀ।

ਰੁੱਖ ਦਾਦਾ : ਪਰ ਜਦੋਂ ਤੋਂ ਮੌਸਮ 'ਚ ਬਦਲਾਅ ਆਇਆ ਇਸ ਦੇ ਫੁੱਲਾਂ ਦੇ ਆਉਣ ਦਾ ਸਮਾਂ ਵੀ ਵਿਗੜ ਗਿਆ। ਸਰਦੀਆਂ ਐਨੀਆਂ ਛੋਟੀਆਂ ਹਨ ਕਿ ਨਵੇਂ ਪੱਤੇ ਆਉਣਾ, ਕਲੀ ਦਾ ਬਣਨਾ ਅਤੇ ਫੁੱਲ ਬਣਨਾ.. ਇਹ ਸਭ ਕੁਝ ਜਲਦੀ-ਜਲਦੀ ਹੋਣ ਲੱਗਿਆ ਹੈ। ਸ਼ਹਿਦ ਦੀ ਭਾਲ 'ਚ ਰਹਿਣ ਵਾਲੀਆਂ ਮਧੂ-ਮੱਖੀਆਂ ਵੀ ਇਸ ਬਦਲਾਅ ਕਾਰਨ ਚਕਰਾ ਗਈਆਂ ਹਨ।

ਤੇਂਦੂਆ : ਸਾਫ ਹੈ ਕਿ ਗਲੋਬਲ ਵਾਰਮਿੰਗ ਦਾ ਅਸਰ ਪੌਦਿਆਂ 'ਤੇ ਵੀ ਪਿਆ ਹੈ.. ਉਨ੍ਹਾਂ ਦੇ ਸਹਾਰੇ ਜਿਉਂਦਾ ਰਹਿਣ ਵਾਲੇ ਜੀਵਾਂ ਨੂੰ ਵੀ ਆਪਣੇ ਖਾਣ ਦੀਆਂ ਆਦਤਾਂ 'ਚ ਬਦਲਾਅ ਕਰਨਾ ਪੈ ਰਿਹਾ ਹੈ।

ਰਮਾ : ਤੁਸੀਂ ਸਭ ਤਾਂ ਸਾਡੇ ਦੋਸਤ ਹੋ। ਪੇੜ-ਪੌਦੇ ਲਗਾਤਾਰ ਵਧ ਰਹੀ ਕਾਰਬਨ ਡਾਈਆਕਸਾਈਡ ਨੂੰ ਸੋਖ ਰਹੇ ਹਨ ਅਤੇ ਬਦਲੇ 'ਚ ਸਾਨੂੰ ਆਕਸੀਜਨ ਦੇ ਰਹੇ ਹਨ। ਇਹ ਜੰਗਲ ਤਾਂ ਸਾਡੇ ਲਈ ਕੁਦਰਤ ਦਾ ਇਕ ਅਨੋਖਾ ਫਿਲਟਰ ਹਨ ਪਰ ਬਦਲਦੀ ਜਲਵਾਯੂ ਸਭ ਕੁਝ ਬਦਲਣ 'ਤੇ ਹੀ ਤੁਲੀ ਹੋਈ ਹੈ। (ਗੰਭੀਰ ਸੁਰ 'ਚ) ਜੇਕਰ ਹੁਣ ਵੀ ਅਸੀਂ ਨਾ ਜਾਗੇ ਤਾਂ ਜੰਗਲਾਂ ਦਾ ਪੂਰਾ ਢਾਂਚਾ ਹੀ ਚਰਮਰਾ ਜਾਵੇਗਾ।

ਰੁੱਖ ਦਾਦਾ : ਗੌਰੀ, ਇਸੇ ਲਈ ਤਾਂ ਮੈਂ ਬਦਲਦੀ ਹੋਈ ਜਲਵਾਯੂ ਨੂੰ ਇਕ ਅਜਿਹਾ ਦੁਸ਼ਮਣ ਦੱਸਿਆ ਸੀ ਜਿਸ ਨੇ ਨਾ ਸਿਰਫ਼ ਸਾਡੇ ਲਈ ਬਲਕਿ ਖ਼ੁਦ ਮਨੁੱਖਾਂ ਦੇ ਲਈ ਵੀ ਪ੍ਰੇਸ਼ਾਨੀ ਖੜੀ ਕਰ ਦਿੱਤੀ ਹੈ।

ਤੇਂਦੂਆ : ਪਰ ਇਹ ਮੁਸ਼ਕਿਲ ਵੀ ਤਾਂ ਖ਼ੁਦ ਮਨੁੱਖਾਂ ਨੇ ਹੀ ਖੜ੍ਹੀ ਕੀਤੀ ਹੈ। (ਗੁੱਸੇ ਨਾਲ) ਉਨ੍ਹਾਂ ਨੂੰ ਇਸ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। (ਗੁਰਾਹਟ)

ਗੌਰੀ : ਹਾਂ.. ਹਾਂ.. ਮਨੁੱਖਾਂ ਨੂੰ ਇਸ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ।

ਰੁੱਖ ਦਾਦਾ : (ਉੱਚੇ ਸੁਰ 'ਚ) ਤੁਸੀਂ ਗੁੱਸਾ ਨਾ ਕਰੋ ਤੇਂਦੂਆ.. ਗੁੱਸਾ ਨਾ ਕਰੋ।

ਤੇਂਦੂਆ : (ਤੇਜ਼ੀ ਨਾਲ ਗਰਜਦੇ ਹੋਏ) ਨਹੀਂ ਦਾਦਾ। ਸਾਡੇ ਖ਼ੂਬਸੂਰਤ ਜੰਗਲਾਂ ਨੂੰ ਸੁੰਨਸਾਨ ਬਨਾਉਣ ਵਾਲੇ ਇਹ ਮਨੁੱਖ ਹੀ ਤਾਂ ਹਨ। ਇਨ੍ਹਾਂ ਨੇ ਆਪਣੇ ਲਾਲਚ ਅਤੇ ਖਪਤਵਾਦੀ ਜੀਵਣ ਸ਼ੈਲੀ ਨਾਲ ਸਾਡੇ ਸਾਰਿਆਂ ਦੀ ਜ਼ਿੰਦਗੀ ਖ਼ਤਰੇ 'ਚ ਪਾ ਦਿੱਤੀ ਹੈ। ਇਨ੍ਹਾਂ ਨੂੰ ਤਾਂ ਸਜ਼ਾ ਮਿਲਣੀ ਹੀ ਚਾਹੀਦੀ ਹੈ। (ਗੁਰਾਉਂਦੇ ਹੋਏ)

ਰੁੱਖ ਦਾਦਾ : ਰੁਕੋ ਤੇਂਦੂਆ.. ਰੁਕੋ! ਅੱਗੇ ਨਾ ਵਧੋ।

ਤੇਂਦੂਆ : ਨਹੀਂ ਦਾਦਾ। ਮਨੁੱਖਾਂ ਨੇ ਬੇਤਰਤੀਬੇ ਵਿਕਾਸ ਨਾਲ ਧਰਤੀ ਨੂੰ ਗਰਮ ਕੀਤਾ ਹੈ। ਗਲੇਸ਼ੀਅਰਾਂ ਨੂੰ ਪਿਘਲਾ ਦਿੱਤਾ.. ਨਦੀਆਂ ਅਤੇ ਤਲਾਬਾਂ ਨੂੰ ਸੁਕਾ ਦਿੱਤਾ.. ਅਤੇ ਹੁਣ ਸਾਨੂੰ ਵੀ ਖ਼ਤਮ ਕਰਨ 'ਤੇ ਆ ਗਏ ਹਨ। ਮੈਂ ਇਨ੍ਹਾਂ ਨੂੰ ਨਹੀਂ ਛੱਡਾਂਗਾ।

(ਜ਼ੋਰ ਨਾਲ ਦਹਾੜਣ ਦੀ ਅਵਾਜ਼/ਤੇਜ਼ ਹਵਾ ਚੱਲਣ ਦੀ ਅਵਾਜ਼/ਡਰ ਦਾ ਮਾਹੌਲ)

ਰਮਾ : (ਡਰ ਨਾਲ ਜ਼ੋਰ-ਜ਼ੋਰ ਨਾਲ ਚੀਕਦੀ ਹੈ) ਬਚਾਓ..ਪਾਪਾ ਜੀ.. ਬਚਾਓ... ਬਚਾਓ! ਬਚਾਓ!

(ਤੇਂਦੂਏ ਦੇ ਜ਼ੋਰ ਨਾਲ ਦਹਾੜਣ ਦੀ ਅਵਾਜ਼/ ਹੌਲੀ-ਹੌਲੀ ਮੰਦ ਪੈਂਦੀ ਹੈ)

......ਦ੍ਰਿਸ਼ ਬਦਲਾਅ ਸੰਗੀਤ......

......ਦ੍ਰਿਸ਼ ਚੌਥਾ......

(ਦ੍ਰਿਸ਼ ਬਦਲਾਅ ਸੰਗੀਤ ...........................ਮੱਧਮ ਪੈਂਦਾ ਹੈ)

(ਸਵੇਰ ਦਾ ਸਮਾਂ/ਚਿੜੀਆਂ ਦੀ ਚਹਿਚਾਹਟ ਦੀ ਅਵਾਜ਼)

ਰਮਾ : (ਉਨੀਂਦੇ ਸੁਰ 'ਚ ਬੜਬੜਾਉਂਦੀ ਹੈ) ਬਚਾਓ.. ਬਚਾਓ.. ਪਾਪਾ ਜੀ.. ਬਚਾਓ.. ਇਹ ਤੇਂਦੂਆ ਮੈਨੂੰ ਮਾਰ ਖਾਏਗਾ।

(ਪੈਰਾਂ ਦੀ ਅਵਾਜ਼/ਨੇੜੇ ਆਉਂਦੀ ਹੋਈ)

ਡਾ. ਹਰਜਿੰਦਰ : ਕੀ ਹੋਇਆ ਬੇਟੀ ਰਮਾ..। ਕਿੱਥੇ ਆ ਤੇਂਦੂਆ?

ਰਮਾ : (ਉਨੀਂਦੇ ਸੁਰ 'ਚ) ਓ.. ਮੈਂ ਕਿੱਥੇ ਹਾਂ.. ਇਹ ਕੀ.. ਕਿੱਥੇ ਗਿਆ ਉਹ ਤੇਂਦੂਆ..(ਅਰਾਮ ਭਰਿਆ ਸੁਰ) ਓਹੋ.. ਮੈਂ ਤਾਂ ਘਰ 'ਚ ਹੀ ਹਾਂ। ਮੈਂ ਤਾਂ ਕਿੰਨਾ ਡਰ ਗਈ ਸੀ।

ਡਾ. ਹਰਜਿੰਦਰ : ਲੱਗਦਾ ਹੈ ਤੈਂ ਕੋਈ ਖ਼ਤਰਨਾਕ ਸੁਪਨਾ ਵੇਖਿਆ ਐ! ਕਿਤੇ ਸੁਪਨੇ ‘ਚ ਜੰਗਲ ‘ਚ ਤਾਂ ਨਹੀਂ ਚਲੀ ਗਈ ਸੀ? (ਹਲਕੀ ਹੱਸੀ ਦੇ ਨਾਲ) ਲੱਗਦਾ ਹੈ ਤੇਂਦੂਏ ਦੇ ਹਮਲੇ ਨਾਲ ਹੀ ਸੁਪਨਾ ਟੁੱਟਿਆ ਹੈ।

ਰਮਾ : ਹਾਂ ਪਾਪਾ ਜੀ, ਸੁਪਨਾ ਡਰਾਉਣਾ ਤਾਂ ਸੀ, ਪਰ ਗੱਲ ਬਿਲਕੁਲ ਸਹੀ ਸੀ।

ਡਾ. ਹਰਜਿੰਦਰ : ਅੱਛਾ! ਅਜਿਹਾ ਕੀ ਵੇਖ ਲਿਆ ਤੂੰ?

ਰਮਾ : ਪਾਪਾ ਜੀ, ਸੁਪਨੇ ‘ਚ ਮੈਂ ਪੇੜ-ਪੌਦਿਆਂ ਦਾ ਦਰਦ ਵੇਖਿਆ। ਮੈਂ ਵੇਖਿਆ ਕਿ ਗਰਮ ਹੁੰਦੀ ਧਰਤੀ ਨੇ ਕਿਸ ਤਰ੍ਹਾਂ ਖੂਬਸੂਰਤ ਪੇੜ-ਪੌਦਿਆਂ, ਜਾਨਵਰਾਂ ਨੂੰ ਪ੍ਰੇਸ਼ਾਨ ਅਤੇ ਮਜ਼ਬੂਰ ਕਰ ਦਿੱਤਾ ਹੈ। (ਕੁਝ ਦਾਰਸ਼ਨਿਕ ਅੰਦਾਜ਼ ‘ਚ) ਜੇਕਰ ਦੁਨੀਆਂ ਦੇ ਲੋਕਾਂ ਨੇ ਸਹੀ ਕਦਮ ਨਾ ਪੁੱਟੇ ਤਾਂ ਪੂਰੇ ਦਾ ਪੂਰਾ ਪ੍ਰਸਥਿਤਿਕ ਤੰਤਰ ਵਿਗੜ ਜਾਵੇਗਾ ਅਤੇ ਇਸ ਬੁਰੇ ਸੁਪਨੇ ਨੂੰ ਹਕੀਕਤ ਬਣਨ ‘ਚ ਜ਼ਿਆਦਾ ਸਮਾਂ ਨਹੀਂ ਲੱਗੇਗਾ। ਸਭ ਕੁਝ ਖ਼ਤਮ ਹੋ ਜਾਵੇਗਾ ਇਕ ਦਿਨ!

ਡਾ. ਹਰਜਿੰਦਰ : (ਹਲਕੀ ਹੱਸੀ ਦੇ ਨਾਲ) ਰਮਾ, ਤੂੰ ਤਾਂ ਮੈਨੂੰ ਅੱਜ ਕੁਝ ਜ਼ਿਆਦਾ ਹੀ ਸਮਝਦਾਰ ਲੱਗ ਰਹੀ ਏਂ ਪਰ ਹੁਣ ਛੇਤੀ ਨਾਲ ਉੱਠ ਅਤੇ ਤਿਆਰ ਹੋ ਜਾਹ..। ਕਾਲਜ ਵੀ ਜਾਣਾ ਹੈ। ਕਿਤੇ ਦੇਰ ਨਾ ਹੋ ਜਾਵੇ।

ਰਮਾ : ਹਾਂ ਪਾਪਾ ਜੀ, ਸਮਝਦਾਰ ਤਾਂ ਬਣਨਾ ਹੀ ਪਏਗਾ (ਖ਼ੁਦ ਨਾਲ ਗੱਲਾਂ ਕਰਦੇ ਹੋਏ) ਕਿਤੇ ਬਹੁਤ ਦੇਰ ਨਾ ਹੋ ਜਾਵੇ..।

----- ਸਮਾਪਤੀ ਸੰਗੀਤ-----

ਪ੍ਰਸ਼ਨ:

ਪ੍ਰਸ਼ਨ -1 ਵਧਦੇ ਤਾਪਮਾਨ ਦਾ ਜੰਗਲਾਂ ‘ਤੇ ਕੀ ਪ੍ਰਭਾਵ ਹੈ ?

ਉਤਰ: ਧਰਤੀ ਦੀ ਨਮੀ ਖਤਮ ਹੋ ਜਾਂਦੀ ਹੈ , ਸਰਦੀਆਂ ਘਟਣ ਕਰਕੇ ਫੁੱਲ ਪਨਪ ਨਹੀਂ ਸਕਦੇ ਅਤੇ ਬਨਸਪਤੀ ਦੀ ਵੰਨ ਸੁਵੰਨਤਾ ਘਟ ਜਾਂਦੀ ਹੈ ! ਖਤਮ ਹੁੰਦੇ ਜੰਗਲਾਂ ਨਾਲ ਜਾਨਵਰਾਂ ਦਾ ਰੈਣ ਬਸੇਰਾ ਖੁੱਸ ਜਾਂਦਾ ਹੈ !

ਪ੍ਰਸ਼ਨ-2 ਸੰਸਾਰ ਵਿੱਚ ਜੰਗਲਾਂ ਦੀ ਭਿਆਨਕ ਅੱਗ ਹੁਣੇ ਜਿਹੇ ਕਿਥੇ ਲੱਗੀ ?

ਉਤਰ: ਕੈਲੇਫੋਰਨੀਆਂ ਦੇ ਸਾਨਫਰਾਂਸਿਸਕੋ ਵਿਖੇ 30,000 ਵਰਗ ਕਿਲੋ ਮੀਟਰ ਜੰਗਲ ਜਲ ਗਿਆ !